ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 26 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੧੩ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਅਕਾਲੀ ਦਲ ਦੇ ਮੌਜੂਦਾ ਕੌਂਸਲਰ ਨੂੰ ਗੋਲੀਆਂ ਨਾਲ ਭੁੰਨਿਆ



**ਅੰਮ੍ਰਿਤਸਰ, 25 ਮਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਛੇਹਰਟਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਹਰਜਿੰਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਅਕਾਲੀ ਆਗੂ ਹਰਜਿੰਦਰ ਸਿੰਘ, ਜੰਡਿਆਲਾ ਗੁਰੂ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਮੌਜੂਦਾ ਕੌਂਸਲਰ ਸੀ, ਜਿਸ ਨੂੰ ਅੱਜ ਛੇਹਰਟਾ ਵਿਖੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਹੋਈ ਸੀ ਅਤੇ ਜਾਂਚ ਕੀਤੀ ਜਾ ਰਹੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਕੁੱਝ ਦਿਨ ਪਹਿਲਾਂ ਵੀ ਹਰਜਿੰਦਰ ਸਿੰਘ ਦੇ ਜੰਡਿਆਲਾ ਗੁਰੂ ਵਿਖੇ ਘਰ 'ਤੇ ਗੋਲੀਆਂ ਚਲਾਏ ਜਾਣ ਦੀ ਘਟਨਾ ਵਾਪਰੀ ਸੀ ਅਤੇ ਪਰਿਵਾਰ ਵੱਲੋਂ ਲਗਾਤਾਰ ਧਮਕੀਆਂ ਮਿਲਣ ਬਾਰੇ ਕਿਹਾ ਗਿਆ ਸੀ। ਕਤਲ ਦੀ ਵਜ੍ਹਾ ਪਿਛੇ ਮੁੱਢਲੇ ਤੌਰ 'ਤੇ ਕਿਸੇ ਪੁਰਾਣੀ ਰੰਜਿਸ਼ ਦਾ ਕਾਰਨ ਸਾਹਮਣੇ ਆ ਰਿਹਾ ਹੈ। ਮ੍ਰਿਤਕ ਦੇ ਸਿਰ ਵਿੱਚ ਦੋ ਗੋਲੀਆਂ ਵੱਜੀਆਂ ਦੱਸੀਆਂ ਗਈਆਂ ਹਨ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਹਰਜਿੰਦਰ ਸਿੰਘ ਦੀ ਖਬਰ ਪਿੱਛੋਂ ਜੰਡਿਆਲਾ ਗੁਰੂ ਵਿਖੇ ਉਸ ਦੇ ਘਰ ਵਿੱਚ ਮਾਤਮ ਪਸਰ ਗਿਆ ਹੈ। ਪਰਿਵਾਰਕ ਮੈਂਬਰਾਂ ਰੋ-ਰੋ ਕੇ ਬੁਰਾ ਹਾਲ ਹੋ ਗਿਆ ਹੈ। ਉਧਰ, ਮੌਕੇ 'ਤੇ ਪੁਲਿਸ ਵੱਲੋਂ ਪਹੁੰਚ ਕੇ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀ ਦਾ ਕਹਿਣਾ ਸੀ ਕਿ ਮੌਕੇ ਤੋਂ 2 ਖੋਲ ਬਰਾਮਦ ਹੋਏ ਹਨ ਅਤੇ ਜਾਂਚ ਕੀਤੀ ਜਾ ਰਹੀ ਹੈ।

# ਹੇਮਕੁੰਟ ਸਾਹਿਬ ਦੀ ਯਾਤਰਾ ਆਰੰਭ

# 4500 ਤੋਂ ਵੱਧ ਸ਼ਰਧਾਲੂਆਂ ਦਾ ਪਹਿਲਾ ਜਥਾ ਪਹੁੰਚਿਆ

**ਸ੍ਰੀ ਹੇਮਕੁੰਟ ਸਾਹਿਬ, 25 ਮਈ (ਆਵਾਜ਼ਿ ਕੌਮ ਬਿਊਰੋ)**-ਗੁਰਦੁਆਰਾ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ ਹੋ ਗਈ ਹੈ। ਉੱਤਰਾਖੰਡ ਸਥਿਤ ਲਗਪਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਲਈ ਖੁੱਲ੍ਹ ਗਏ ਹਨ। ਅੱਜ ਲਗਪਗ 4500 ਤੋਂ ਵੱਧ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਹੇਮਕੁੰਟ ਸਾਹਿਬ ਲਈ ਰਵਾਨਾ ਹੋਇਆ। ਇਹ ਜਥਾ ਸ਼ਨੀਵਾਰ ਨੂੰ ਗੁਰਦੁਆਰਾ ਗੋਬਿੰਦ ਘਾਟ ਤੋਂ ਅਗਲੇ ਪੜਾਅ ਲਈ ਰਵਾਨਾ ਹੋਇਆ ਸੀ ਤੇ ਰਾਤ ਗੁਰਦੁਆਰਾ ਗੋਬਿੰਦ ਧਾਮ ਵਿੱਚ ਵਿਸ਼ਰਾਮ ਕੀਤਾ। ਅੱਜ ਸਵੇਰੇ ਪਹਿਲੀ ਅਰਦਾਸ ਹੋਈ ਤੇ ਸਾਲਾਨਾ ਯਾਤਰਾ ਦੀ ਸ਼ੁਰੂਆਤ 'ਤੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਸ਼ਨੀਵਾਰ ਨੂੰ ਗੁਰਦੁਆਰਾ ਗੋਬਿੰਦ ਘਾਟ ਵਿੱਚ ਸਵੇਰੇ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਧਾਰਮਿਕ ਰੀਤੀ ਰਿਵਾਜਾਂ ਨਾਲ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ਰਧਾਲੂਆਂ ਦਾ ਜਥਾ ਰਵਾਨਾ ਹੋਇਆ। ਸ਼ਰਧਾਲੂਆਂ ਨੇ ਲਗਪਗ 13 ਕਿਲੋਮੀਟਰ ਦੂਰ ਤੇ ਕਰੀਬ 10 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਿਤ ਗੁਰਦੁਆਰਾ ਗੋਬਿੰਦ ਧਾਮ ਘਾਗਰੀਆ ਪੁੱਜਣ ਉਪਰੰਤ ਰਾਤ ਨੂੰ ਵਿਸ਼ਰਾਮ ਕੀਤਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਗੁਰਦੁਆਰਾ ਗੋਬਿੰਦ ਘਾਟ ਵਾਂਗ ਹੀ ਗੁਰਦੁਆਰਾ ਗੋਬਿੰਦ ਧਾਮ ਤੇ ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਕੀਤੀ ਗਈ ਹੈ, ਜਿੱਥੇ ਸਵੇਰੇ ਸੰਗਤਾਂ ਪੁੱਜਣਗੀਆਂ ਤੇ ਗੁਰੂ ਘਰ ਦੇ ਪਹਿਲੇ ਦਰਸ਼ਨ ਕਰਨਗੀਆਂ। ਰਸਤੇ ਤੋਂ ਬਰਫ ਹਟਾਈ ਗਈ ਹੈ ਤੇ ਸੰਗਤਾਂ ਦੀ ਸਹੂਲਤ ਲਈ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕੀ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਗੁਰਦੁਆਰਾ ਰਿਸ਼ੀਕੇਸ਼ ਤੋਂ ਆਰੰਭ ਹੋਈ ਯਾਤਰਾ ਦੌਰਾਨ ਜਥਾ ਗੁਰਦੁਆਰਾ ਗੋਬਿੰਦ ਘਾਟ ਪੁੱਜਿਆ ਸੀ ਤੇ ਸ਼ਨੀਵਾਰ ਸਵੇਰੇ ਗੁਰਦੁਆਰਾ ਗੋਬਿੰਦ ਧਾਮ ਲਈ ਰਵਾਨਾ ਹੋਇਆ। ਇਸ ਨੂੰ ਰਵਾਨਾ ਕਰਨ ਲਈ ਬਦਰੀਨਾਥ ਧਾਮ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਤੇ ਹੋਰ ਪਤਵੰਤੇ ਪੁੱਜੇ ਹੋਏ ਸਨ। ਜੈਕਾਰਿਆਂ ਦੀ ਗੂੰਜ ਵਿੱਚ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਜਥਾ ਰਵਾਨਾ ਹੋਇਆ, ਜੋ ਅੱਜ ਹੇਮਕੁੰਟ ਸਾਹਿਬ ਪੁੱਜਾ। ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਲਗਪਗ 4500 ਸ਼ਰਧਾਲੂਆਂ ਦੇ ਪਹਿਲੇ ਜਥੇ ਨੇ ਸਵੇਰੇ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ। ਜਦੋਂਕਿ 400 ਤੋਂ ਵੱਧ ਸ਼ਰਧਾਲੂ ਇੱਥੇ ਗੁਰਦੁਆਰਾ ਗੋਬਿੰਦ ਘਾਟ ਵਿੱਚ ਹੋਰ ਪੁੱਜੇ ਹੋਏ ਹਨ ,ਜੋ ਅੱਜ ਗੋਬਿੰਦ ਧਾਮ ਲਈ ਰਵਾਨਾ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਯਾਤਰਾ ਲਈ ਟਰੱਸਟ ਵੱਲੋਂ ਸਰਕਾਰ ਦੇ ਸਹਿਯੋਗ ਨਾਲ ਸ਼ਰਧਾਲੂਆਂ ਲਈ ਹਰ ਲੋੜੀਂਦੀ ਸਹੂਲਤ ਦਾ ਪ੍ਰਬੰਧ ਕੀਤਾ ਗਿਆ ਹੈ।



## 'ਕਰਜ਼ੇ ਦੇ ਬੋਝ ਥੱਲੇ ਦੱਬਿਆ ਜਾ ਰਿਹਾ ਪੰਜਾਬ !ਆਪ ਨੇ ਪ੍ਰਿੰਟ ਮੀਡੀਆ 'ਤੇ ਇਸ਼ਤਿਹਾਰਾਂ ਲਈ ਖ਼ਰਚੇ 317 ਕਰੋੜ

**ਚੰਡੀਗੜ੍ਹ, 25 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਇਸ਼ਤਿਹਾਰਬਾਜ਼ੀ 'ਤੇ ਬੇਤਹਾਸ਼ਾ ਖਰਚ ਤੇ ਵਿਕਾਸ ਕਾਰਜਾਂ ਦੀ ਘਾਟ ਸੰਬੰਧੀ ਸਵਾਲ ਉੱਠ ਰਹੇ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਦਾਅਵਿਆਂ ਅਨੁਸਾਰ, ਪਿਛਲੇ ਤਿੰਨ ਸਾਲਾਂ ਵਿੱਚ ਸਰਕਾਰ ਨੇ ਪ੍ਰਿੰਟ ਮੀਡੀਆ 'ਤੇ ਇਸ਼ਤਿਹਾਰਾਂ ਲਈ 317 ਕਰੋੜ ਰੁਪਏ ਖਰਚ ਕੀਤੇ ਹਨ, ਜਿਸ ਵਿੱਚ ਸਿਰਫ਼ ਇੱਕ ਸਾਲ ਵਿੱਚ 106 ਕਰੋੜ ਰੁਪਏ ਦੀ ਰਕਮ ਸ਼ਾਮਲ ਹੈ। ਇਹ ਖਰਚ ਪੰਜਾਬ ਦੇ ਵਧਦੇ ਕਰਜ਼ੇ ਦੇ ਬੋਝ ਦੇ ਮੱਦੇਨਜ਼ਰ ਵਿਵਾਦ ਦਾ ਵਿਸ਼ਾ ਬਣਿਆ ਹੈ, ਜੋ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵਧ ਸਕਦਾ ਹੈ। ਇਸ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ RTI ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ, ਆਮ ਆਦਮੀ ਪਾਰਟੀ ਦੀ ਸਰਕਾਰ ਦੀ ਲੁੱਟ, ਤਿੰਨ ਸਾਲਾਂ ਵਿੱਚ ਪ੍ਰਿੰਟ ਮੀਡੀਆ 'ਤੇ ਇਸ਼ਤਿਹਾਰਾਂ ਦਾ ਖਰਚਾ 317 ਕਰੋੜ ਰੁਪਏ, ਇੱਕ ਸਾਲ ਵਿੱਚ 106 ਕਰੋੜ ਰੁਪਏ ਮਹਿਜ਼ ਇਸ਼ਤਿਹਾਰਬਾਜ਼ੀ ਤੇ ਲੁਟਾਏ ਜਾ ਰਹੇ ਹਨ, ਪੰਜਾਬ ਦੇ ਕਰਜ਼ੇ ਦੀ ਪੰਡ ਦਿਨ-ਬ-ਦਿਨ ਭਾਰੀ ਹੁੰਦੀ ਜਾ ਰਹੀ ਹੈ। ਨੌਜਵਾਨ ਪੰਜਾਬ ਛੱਡ ਕੇ ਬਾਹਰ ਜਾ ਰਹੇ ਹਨ। ਵਿਕਾਸ ਕਾਰਜ ਸਾਰੇ ਠੱਪ ਹਨ। ਪਰ ਇਸ਼ਤਿਆਰਾਂ 'ਚ ਪੰਜਾਬ ਰੰਗਲਾ ਹੈ ਇਸ ਨੂੰ ਲੈ ਕੇ ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਸਰਕਾਰ ਵਿਕਾਸ ਕਾਰਜਾਂ ਨੂੰ ਨਜ਼ਰਅੰਦਾਜ਼ ਕਰਕੇ ਆਪਣੀ ਚਮਕਦਾਰ ਤਸਵੀਰ ਪੇਸ਼ ਕਰਨ 'ਤੇ ਜ਼ਿਆਦਾ ਧਿਆਨ ਦੇ ਰਹੀ ਹੈ। ਇਸ਼ਤਿਹਾਰਾਂ ਵਿੱਚ ਪੰਜਾਬ ਨੂੰ "ਰੰਗਲਾ" ਦਿਖਾਇਆ ਜਾ ਰਿਹਾ ਹੈ, ਜਦਕਿ ਜ਼ਮੀਨੀ ਹਕੀਕਤ ਵੱਖਰੀ ਹੈ। ਨੌਜਵਾਨਾਂ ਦਾ ਵੱਡੀ ਗਿਣਤੀ ਵਿੱਚ ਪੰਜਾਬ ਛੱਡ ਕੇ ਵਿਦੇਸ਼ ਜਾਣਾ ਅਤੇ ਵਿਕਾਸ ਕਾਰਜਾਂ ਦਾ ਰੁਕ ਜਾਣਾ ਵੀ ਚਿੰਤਾ ਦਾ ਵਿਸ਼ਾ ਹੈ। ਹਾਲਾਂਕਿ, 'ਆਪ' ਸਰਕਾਰ ਦਾ ਦਾਅਵਾ ਹੈ ਕਿ ਉਹ ਲੋਕ ਭਲਾਈ ਲਈ ਕੰਮ ਕਰ ਰਹੀ ਹੈ। ਇਸ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਹੁਣ ਤੱਕ 54,141 ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਕਈ ਟੋਲ ਪਲਾਜ਼ੇ ਬੰਦ ਕੀਤੇ ਹਨ ਇਸ ਤੋਂ ਬਾਅਦ ਆਪਣੇ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਲੰਬੀ ਸੂਚੀ ਸਾਂਝੀ ਕੀਤੀ ਜਾਂਦੀ ਹੈ।

## ਦਿੱਲੀ 'ਚ ਭਾਰੀ ਮੀਂਹ ਅਤੇ ਤੂਫਾਨ ਨਾਲ 100 ਤੋਂ ਵੱਧ ਉਡਾਣਾਂ ਪ੍ਰਭਾਵਿਤ; ਏਅਰਲਾਈਂਸ ਕੰਪਨੀਆਂ ਦੇ ਜਾਰੀ ਕੀਤੀ ਐਡਵਾਈਜ਼ਰੀ



**ਨਵੀਂ ਦਿੱਲੀ, 25 ਮਈ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਅਤੇ ਉਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਮੌਸਮ ਅਚਾਨਕ ਬਦਲ ਗਿਆ ਹੈ। ਭਾਰਤੀ ਮੌਸਮ ਵਿਭਾਗ (IMD) ਨੇ ਦੇਰ ਸ਼ਾਮ, ਤੂਫਾਨ ਅਤੇ ਮੀਂਹ ਲਈ ਰੈੱਡ ਅਲਰਟ ਜਾਰੀ ਕੀਤਾ। ਇਸ ਤੋਂ ਬਾਅਦ, ਸ਼ਨੀਵਾਰ-ਐਤਵਾਰ (24-25 ਮਈ) ਦੀ ਅੱਧੀ ਰਾਤ ਨੂੰ ਲਗਭਗ 1 ਵਜੇ, ਤੇਜ਼ ਹਵਾਵਾਂ, ਗਰਜ ਅਤੇ ਬਿਜਲੀ ਦੇ ਨਾਲ ਭਾਰੀ ਮੀਂਹ ਪਿਆ, ਜਿਸ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ। ਹਾਲਾਂਕਿ, ਕਈ ਇਲਾਕਿਆਂ ਵਿੱਚ ਪਾਣੀ ਭਰਨ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਥਾਵਾਂ 'ਤੇ ਦਰੱਖਤ ਡਿੱਗਣ ਦੀ ਵੀ ਜਾਣਕਾਰੀ ਹੈ। ਮੌਸਮ ਵਿਭਾਗ ਨੇ ਬੀਤੇ ਦਿਨੀਂ ਦਿੱਲੀ, ਪੰਜਾਬ, ਯੂਪੀ, ਹਰਿਆਣਾ ਅਤੇ ਰਾਜਸਥਾਨ ਦੇ ਕਈ ਜ਼ਿਲ੍ਹਿਆਂ ਵਿੱਚ 60 ਤੋਂ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ, ਭਾਰੀ ਮੀਂਹ ਪੈਣ ਅਤੇ ਗਰਜ-ਤੂਫ਼ਾਨ ਆਉਣ ਦੀ ਚੇਤਾਵਨੀ ਦਿੱਤੀ ਸੀ। ਇਸ ਤਹਿਤ ਦਿੱਲੀ-ਐਨਸੀਆਰ ਵਿੱਚ ਵੀ ਰੈੱਡ ਅਲਰਟ ਜਾਰੀ ਕੀਤਾ ਗਿਆ ਸੀ। ਅਲਰਟ ਜਾਰੀ ਹੋਣ ਤੋਂ ਕੁਝ ਘੰਟਿਆਂ ਬਾਅਦ ਹੀ, ਦਿੱਲੀ-ਐਨਸੀਆਰ ਦੇ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਪਿਆ। ਭਾਰੀ ਮੀਂਹ ਕਾਰਨ ਦਿੱਲੀ ਦੇ ਕਈ ਹਿੱਸਿਆਂ ਵਿੱਚ ਪਾਣੀ ਭਰ ਗਿਆ ਹੈ। ਮਿੰਟੋ ਰੋਡ, ਹੁਮਾਯੂੰ ਰੋਡ, ਸ਼ਾਸਤਰੀ ਭਵਨ ਵਰਗੇ ਇਲਾਕੇ ਪਾਣੀ ਨਾਲ ਭਰ ਗਏ। ਮਿੰਟੋ ਪੁਲ 'ਤੇ ਇੱਕ ਕਾਰ ਦੇ ਪਾਣੀ ਵਿੱਚ ਡੁੱਬਣ ਦੀ ਜਾਣਕਾਰੀ ਵੀ ਸਾਹਮਣੇ ਆਈ ਹੈ। ਪਾਣੀ ਭਰਨ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਖਰਾਬ ਮੌਸਮ ਕਾਰਨ ਹਵਾਈ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ। ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਤੇਜ਼ ਤੂਫਾਨ ਅਤੇ ਭਾਰੀ ਬਾਰਿਸ਼ ਕਾਰਨ 100 ਤੋਂ ਵੱਧ ਉਡਾਣਾਂ ਪ੍ਰਭਾਵਿਤ ਹੋਈਆਂ। ਤੂਫਾਨ ਦੌਰਾਨ 25 ਤੋਂ ਵੱਧ ਉਡਾਣਾਂ ਨੂੰ ਡਾਇਵਰਟ ਕੀਤਾ ਗਿਆ। ਇੰਡੀਗੋ ਨੇ ਐਕਸ 'ਤੇ ਜਾਣਕਾਰੀ ਦਿੱਤੀ ਹੈ ਕਿ ਦਿੱਲੀ ਵਿੱਚ ਖਰਾਬ ਮੌਸਮ ਕਾਰਨ ਹਵਾਈ ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਯਾਤਰੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਹਵਾਈ ਅੱਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਦੀ ਜਾਂਚ ਕਰਨ। IMD ਦੇ ਅਲਰਟ ਤੋਂ ਬਾਅਦ, ਏਅਰ ਇੰਡੀਆ ਨੇ ਵੀ ਬੀਤੀ ਰਾਤ ਇੱਕ ਐਡਵਾਈਜ਼ਰੀ ਜਾਰੀ ਕੀਤੀ, ਜਿਸ ਵਿੱਚ ਕਿਹਾ ਗਿਆ ਕਿ ਅੰਮ੍ਰਿਤਸਰ, ਚੰਡੀਗੜ੍ਹ ਅਤੇ ਦਿੱਲੀ ਤੋਂ ਆਉਣ-ਜਾਣ ਵਾਲੀਆਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ। Spice Jet ਨੇ ਵੀ ਟ੍ਰੈਵਲ ਐਡਵਾਈਜ਼ਰੀ ਜਾਰੀ ਕਰਦਿਆਂ ਲਿਖਿਆ, "ਦਿੱਲੀ ਵਿੱਚ ਖਰਾਬ ਮੌਸਮ ਦੇ ਕਾਰਨ, ਸਾਰੀਆਂ ਪ੍ਰਸਥਾਨ/ਆਗਮਨ ਅਤੇ ਉਨ੍ਹਾਂ ਨਾਲ ਜੁੜੀਆਂ ਉਡਾਣਾਂ ਪ੍ਰਭਾਵਿਤ ਹੋ ਸਕਦੀਆਂ ਹਨ। ਯਾਤਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀ ਉਡਾਣ ਦੀ ਸਥਿਤੀ 'ਤੇ ਨਜ਼ਰ ਰੱਖਣ।"

## ਕੋਰੋਨਾ ਨੇ ਪੰਜਾਬ 'ਚ ਦੇ ਦਿੱਤੀ ਦਸਤਕ !ਮੋਹਾਲੀ ਦੇ ਇੱਕ ਨਿੱਜੀ ਹਸਪਤਾਲ 'ਚ ਦਾਖ਼ਲ ਮਰੀਜ਼ ਨਿਕਲਿਆ ਕੋਰੋਨਾ ਪੌਜ਼ਿਟਵ



**ਮੋਹਾਲੀ, 25 ਮਈ (ਆਵਾਜ਼ਿ ਕੌਮ ਬਿਊਰੋ)**-ਦੇਸ਼ ਵਿੱਚ ਕੋਵਿਡ-19 ਦੇ ਮਰੀਜ਼ਾਂ ਦੀ ਗਿਣਤੀ ਇੱਕ ਵਾਰ ਫਿਰ ਵਧਣੀ ਸ਼ੁਰੂ ਹੋ ਗਈ ਹੈ। ਕੋਰੋਨਾ ਹੌਲੀ-ਹੌਲੀ ਸ਼ਹਿਰੀ ਖੇਤਰਾਂ ਵਿੱਚ ਵਾਪਸ ਆ ਰਿਹਾ ਹੈ। ਜਿਸ ਦੇ ਚੱਲਦਿਆਂ ਦਿੱਲੀ, ਹਰਿਆਣਾ, ਕੇਰਲ, ਗੁਜਰਾਤ, ਮਹਾਰਾਸ਼ਟਰ ,ਰਾਜਸਥਾਨ ਤੋਂ ਬਾਅਦ ਹੁਣ ਕੋਰੋਨਾ ਦੀ ਹੁਣ ਪੰਜਾਬ 'ਚ ਵੀ ਐਂਟਰੀ ਹੋ ਗਈ ਹੈ। ਮੋਹਾਲੀ 'ਚ ਕੋਰੋਨਾ ਦਾ ਪਹਿਲਾ ਮਰੀਜ਼ ਮਿਲਿਆ ਹੈ।

ਜਾਣਕਰੀ ਅਨੁਸਾਰ ਉਕਤ ਮਰੀਜ਼ ਕਿਸੇ ਹੋਰ ਤਰ੍ਹਾਂ ਦੇ ਇਲਾਜ ਲਈ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ 'ਚ ਆ ਕੇ ਦਾਖਲ ਹੋਇਆ ਸੀ। ਜਦੋਂ ਉਸ ਦਾ ਟੈਸਟ ਕੀਤਾ ਗਿਆ ਤਾਂ ਟੈਸਟ ਤੋਂ ਬਾਅਦ ਉਸਦੀ ਕੋਰੋਨਾ ਰਿਪੋਰਟ ਪੌਜ਼ਿਟਵ ਆਈ ਹੈ। ਜਿਸ ਨੂੰ ਇੱਕ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਡਾਕਟਰ ਹਰਮਨ ਬਰਾੜ ਦਾ ਕਹਿਣਾ ਉਹ ਸਾਡਾ ਮਰੀਜ਼ ਨਹੀਂ ਹੈ।

ਓਧਰ ਪੰਜਾਬ ਸਰਕਾਰ ਨੇ ਕੋਰੋਨਾ ਦੇ ਨਵੇਂ ਰੂਪ ਨਾਲ ਨਜਿੱਠਣ ਲਈ ਪੂਰੀ ਰਣਨੀਤੀ ਤਿਆਰ ਕੀਤੀ ਹੈ। ਸਾਰੇ ਜ਼ਿਲ੍ਹਾ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ (ਪੰਜ ਸਰਕਾਰੀ ਅਤੇ ਅੱਠ ਨਿੱਜੀ ਸੰਸਥਾਵਾਂ) ਵਿੱਚ ਕੋਰੋਨਾ ਟੈਸਟਿੰਗ ਸ਼ੁਰੂ ਹੋ ਗਈ ਹੈ। ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਨੇ ਬੀਤੀ ਰਾਤ ਕਿਹਾ ਸੀ ਕਿ ਲੋਕਾਂ ਨੂੰ ਕੋਰੋਨਾ ਦੇ ਨਵੇਂ ਰੂਪ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਨਹੀਂ ਹੈ। ਇਹ ਵਾਇਰਸ ਵੀ ਪਿਛਲੇ ਵਾਇਰਸ ਵਾਂਗ ਘਾਤਕ ਨਹੀਂ ਹੈ।

ਦੱਸ ਦੇਈਏ ਕਿ ਦਿੱਲੀ, ਮਹਾਰਾਸ਼ਟਰ, ਕੇਰਲ, ਤਾਮਿਲਨਾਡੂ ਅਤੇ ਕਰਨਾਟਕ ਵਰਗੇ ਰਾਜਾਂ ਵਿੱਚ ਇਸ ਮਹੀਨੇ ਨਵੇਂ ਕੇਸ ਦਰਜ ਕੀਤੇ ਗਏ ਹਨ। ਇਸ ਦੇ ਨਾਲ ਹੀ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਤਿੰਨ ਸਾਲਾਂ ਵਿੱਚ ਪਹਿਲੀ ਵਾਰ ਕੋਰੋਨਾ ਵਾਇਰਸ ਦੇ ਮਾਮਲੇ (23) ਦਰਜ ਕੀਤੇ ਗਏ ਹਨ ।ਹਾਲਾਂਕਿ, ਇਹ ਰਾਹਤ ਦੀ ਗੱਲ ਹੈ ਕਿ ਹੁਣ ਤੱਕ ਕੋਰੋਨਾ ਨਾਲ ਸੰਕਰਮਿਤ ਜ਼ਿਆਦਾਤਰ ਮਰੀਜ਼ਾਂ ਵਿੱਚ ਸਿਰਫ ਹਲਕੇ ਲੱਛਣ ਹੀ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ ਹੁਣ ਤੱਕ ਕਿਸੇ ਵੀ ਸੰਕਰਮਿਤ ਮਰੀਜ਼ ਦੀ ਮੌਤ ਦੀ ਖ਼ਬਰ ਨਹੀਂ ਹੈ।

## ਇੱਕ ਬੰਦੇ ਦੀ ਸਿਆਸਤ ਬਚਾਉਣ ਲਈ ਤਖ਼ਤਾਂ ਵਿਚਾਲੇ ਲੜਾਈਆਂ... ਕੌਮ ਲਈ ਖਤਰੇ ਦੀ ਘੰਟੀ !



**ਅੰਮ੍ਰਿਤਸਰ, 25 ਮਈ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਵੱਡਾ ਹਮਲਾ ਬੋਲਿਆ ਹੈ। ਉਨ੍ਹਾਂ ਆਖਿਆ ਕਿ ਸੁਖਬੀਰ ਬਾਦਲ ਨਾਲ ਸਮਝੌਤਾ ਖ਼ੁਦਕੁਸ਼ੀ ਦੇ ਬਰਾਬਰ ਹੈ ਕਿਉਂਕਿ ਇੱਕ ਬੰਦੇ ਦੀ ਸਿਆਸਤ ਬਚਾਉਣ ਲਈ ਅੱਜ ਤਖ਼ਤ ਸਾਹਿਬਾਨ ਵਿਚਾਲੇ ਲੜਾਈਆਂ ਸ਼ੁਰੂ ਹੋ ਗਈਆਂ ਹਨ। ਗਿਆਨੀ ਹਰਪ੍ਰੀਤ ਸਿੰਘ ਸ਼ਨੀਵਾਰ ਨੂੰ ਫ਼ਤਹਿਗੜ੍ਹ ਸਾਹਿਬ ਵਿਖੇ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਕੀਤੀ ਕਾਨਫੰਰਸ ਨੂੰ ਸੰਬੋਧਨ ਕਰ ਰਹੇ ਸੀ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਸੰਤਾਪ ਭੋਗਣ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਦੀ ਸਰਕਾਰ ਸੱਤਾ ਵਿੱਚ ਲਿਆਂਦੀ ਪਰ ਉਨ੍ਹਾਂ ਜ਼ਖ਼ਮਾਂ 'ਤੇ ਮੱਲ੍ਹਮ ਦੀ ਥਾਂ ਜ਼ਖ਼ਮਾਂ ਨੂੰ ਹੋਰ ਵਲੂੰਧਰਿਆ। ਉਨ੍ਹਾਂ ਕਿਹਾ ਕਿ ਅੱਜ ਇਹ ਆਗੂ ਜੇਲ੍ਹਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਤੇ ਪੰਜਾਬ ਦੇ ਪਾਣੀਆਂ ਦੀ ਗੱਲ ਕਰ ਰਹੇ ਹਨ ਜਦੋਂਕਿ 15 ਸਾਲ ਦੇ ਕਾਰਜਕਾਲ ਦੌਰਾਨ ਭਾਜਪਾ ਨਾਲ ਭਾਈਵਾਲੀ ਦੇ ਬਾਵਜੂਦ ਇਨ੍ਹਾਂ ਕਦੇ ਇਹ ਮਸਲੇ ਨਹੀਂ ਚੁੱਕੇ। ਉਨ੍ਹਾਂ ਸਿੱਖ ਕੌਮ ਨੂੰ ਇਨ੍ਹਾਂ ਆਗੂਆਂ ਤੋਂ ਕਿਨਾਰਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਸਖ਼ਤ ਚੁਣੌਤੀਆਂ ਦਰਪੇਸ਼ ਹਨ, ਸਾਡੇ ਬੱਚਿਆਂ ਦੀ ਪੈਦਾਇਸ਼ ਘੱਟ ਗਈ ਜਦੋਂਕਿ ਗੁਆਢੀ ਸੂਬਿਆਂ ਤੋਂ ਵੱਡੀ ਗਿਣਤੀ ਵਿੱਚ ਪਰਵਾਸੀ ਇੱਥੇ ਆ ਗਏ ਜੋ ਕੌਮ ਲਈ ਖਤਰੇ ਦੀ ਘੰਟੀ ਹੈ। ਇਸ ਮੌਕੇ ਸਾਬਕਾ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸਮਾਂ ਸੀ ਕਿ ਦਿੱਲੀ ਸ਼੍ਰੋਮਣੀ ਅਕਾਲੀ ਦਲ ਤੋਂ ਕੰਬਦੀ ਸੀ। ਉਨ੍ਹਾਂ ਸਮੁੱਚੀ ਇਕੱਤਰਤਾ ਤੋਂ ਹੱਥ ਖੜ੍ਹੇ ਕਰਕੇ ਪੰਥ ਤੇ ਪੰਜਾਬ ਦੇ ਹਿੱਤਾਂ ਲਈ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਬਾਦਲ ਦਲੀਆਂ ਨੂੰ ਲਾਂਭੇ ਕਰਨ ਦਾ ਮਤਾ ਪ੍ਰਵਾਨ ਕਰਵਾਇਆ। ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ ਤੇ ਸਤਵੰਤ ਕੌਰ ਨੇ ਸਮੁੱਚੀ ਕੌਮ ਨੂੰ ਵੱਧ ਤੋਂ ਵੱਧ ਮੈਂਬਰਸ਼ਿਪ ਮੁਹਿੰਮ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ। ਇਸ ਮੌਕੇ ਸੀਨੀਅਰ ਆਗੂ ਅਮਰਇੰਦਰ ਸਿੰਘ ਲਿਬੜਾ, ਸਾਬਕਾ ਲੋਕ ਸਭਾ ਮੈਂਬਰ ਸਤਵਿੰਦਰ ਕੌਰ ਧਾਲੀਵਾਲ, ਸਾਬਕਾ ਚੇਅਰਮੈਨ ਬਲਤੇਜ ਸਿੰਘ ਮਹਿਮੂਦਪੁਰ ਨੇ ਵੀ ਸੰਬੋਧਨ ਕੀਤਾ।




# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

✶-- ਗੁਰੂ ਪੰਥ ਦੇ ਸੇਵਾਦਾਰ --✶

**ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK**

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

**+447976210161**


- ਭਾਈ ਬਲਜੀਤ ਸਿਘ ਕੰਗ/Bhai Baljit Singh Kang

**+44 7780 605230**

- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

**+44 7568 517223**

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ — Learn Gatka
www.damdamitaksal.net


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# 29ਵਾਂ ਸਲਾਨਾ ਜੋੜ ਮੇਲਾ
# ਗੁਰਮਤਿ ਸਮਾਗਮ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**
**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**
ਦਮਦਮੀ ਟਕਸਾਲ ਭਿੰਡਰਾਂ ਵਾਲੇ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

**ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ**

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall

+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang

+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)

+44 7568 517223

Website : www.nsycuk.com

E-mail : gnstuk@hotmail.com

# ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ

## ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ



# ਸ਼ਬਦ ਕੀਰਤਨ ਅਤੇ ਕਥਾ ਸਮਾਗਮ



**1 ਮਈ ਤੋਂ 31 ਮਈ 2025 ਤੱਕ** ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ

ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

| ਮਿਤੀ | ਦਿਨ | ਸਥਾਨ | ਸਮਾਂ |
|---|---|---|---|
| 1 ਮਈ | ਵੀਰਵਾਰ | ਜਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 2 ਮਈ | ਸ਼ੁੱਕਰਵਾਰ | ਜੱਫਰਵਾਲ | ਸ਼ਾਮ 6 ਤੋਂ 8 ਵਜੇ ਤੱਕ |
| 3 ਮਈ | ਸ਼ਨੀਵਾਰ | ਗੁ: ਭਗਤਾਂ ਦਾ ਡੇਰਾ ਤਰਸਿੱਕਾ | ਸ਼ਾਮ 6 ਤੋਂ 8 ਵਜੇ ਤੱਕ |
| 4 ਮਈ | ਐਤਵਾਰ | ਕੋਟਲਾ ਮੂਸਾ ਨੇੜੇ ਕਾਦੀਆਂ ਡੱਲਾ ਮੋੜ | ਸ਼ਾਮ 6 ਤੋਂ 8 ਵਜੇ ਤੱਕ |
| 5 ਮਈ | ਸੋਮਵਾਰ | ਸੱਦਾਰੰਗ | ਸ਼ਾਮ 6 ਤੋਂ 8 ਵਜੇ ਤੱਕ |
| 6 ਮਈ | ਮੰਗਲਵਾਰ | ਸਹਾਇਪੁਰ | ਸ਼ਾਮ 6 ਤੋਂ 8 ਵਜੇ ਤੱਕ |
| 7 ਮਈ | ਬੁੱਧਵਾਰ | ਧਰਦਿਓ | ਸ਼ਾਮ 6 ਤੋਂ 8 ਵਜੇ ਤੱਕ |
| 8 ਮਈ | ਵੀਰਵਾਰ | ਬਾਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 9 ਮਈ | ਸ਼ੁੱਕਰਵਾਰ | ਭਲਾਈਪੁਰ ਪੁਰਬਾ | ਸ਼ਾਮ 6 ਤੋਂ 8 ਵਜੇ ਤੱਕ |
| 10 ਮਈ | ਸ਼ਨੀਵਾਰ | ਗੁ: ਕੰਧ ਸਾਹਿਬ ਬਟਾਲਾ | ਸ਼ਾਮ 6 ਤੋਂ 8 ਵਜੇ ਤੱਕ |
| 11 ਮਈ | ਐਤਵਾਰ | ਗੁਰੂ ਕੀ ਬੇਰ ਸਾਹਿਬ ਮੱਤੇਵਾਲ | ਸ਼ਾਮ 6 ਤੋਂ 8 ਵਜੇ ਤੱਕ |
| 12 ਮਈ | ਸੋਮਵਾਰ | ਲੀਲ ਕਲਾਂ | ਸ਼ਾਮ 6 ਤੋਂ 8 ਵਜੇ ਤੱਕ |
| 13 ਮਈ | ਮੰਗਲਵਾਰ | ਸੂਸਾ | ਸ਼ਾਮ 6 ਤੋਂ 8 ਵਜੇ ਤੱਕ |
| 14 ਮਈ | ਬੁੱਧਵਾਰ | ਸਿਆਲਕਾ | ਸ਼ਾਮ 6 ਤੋਂ 8 ਵਜੇ ਤੱਕ |
| 15 ਮਈ | ਵੀਰਵਾਰ | ਚੌਣੇ | ਸ਼ਾਮ 6 ਤੋਂ 8 ਵਜੇ ਤੱਕ |
| 16 ਮਈ | ਸ਼ੁੱਕਰਵਾਰ | ਨਵਾਂ ਪਿੰਡ | ਸ਼ਾਮ 6 ਤੋਂ 8 ਵਜੇ ਤੱਕ |
| 17 ਮਈ | ਸ਼ਨੀਵਾਰ | ਗੁ: ਸੰਗਤਪੁਰਾ ਬਥਵਾਲਾ ਗੁਰਦਾਸਪੁਰ | ਸ਼ਾਮ 6 ਤੋਂ 8 ਵਜੇ ਤੱਕ |
| 18 ਮਈ | ਐਤਵਾਰ | ਧਰਮੂਚੱਕ | ਸ਼ਾਮ 6 ਤੋਂ 8 ਵਜੇ ਤੱਕ |
| 19 ਮਈ | ਸੋਮਵਾਰ | ਕਾਹਲਵਾਂ | ਸ਼ਾਮ 6 ਤੋਂ 8 ਵਜੇ ਤੱਕ |
| 20 ਮਈ | ਮੰਗਲਵਾਰ | ਉੱਦੋ ਨੰਗਲ ਖੁਰਦ | ਸ਼ਾਮ 6 ਤੋਂ 8 ਵਜੇ ਤੱਕ |
| 21 ਮਈ | ਬੁੱਧਵਾਰ | ਸਠਿਆਲਾ | ਸ਼ਾਮ 6 ਤੋਂ 8 ਵਜੇ ਤੱਕ |
| 22 ਮਈ | ਵੀਰਵਾਰ | ਢਪਈਆ | ਸ਼ਾਮ 6 ਤੋਂ 8 ਵਜੇ ਤੱਕ |
| 23 ਮਈ | ਸ਼ੁੱਕਰਵਾਰ | ਵੀਲਾ/ਮੀਕੇ | ਸ਼ਾਮ 6 ਤੋਂ 8 ਵਜੇ ਤੱਕ |
| 24 ਮਈ | ਸ਼ਨੀਵਾਰ | ਬੁਤਾਲਾ | ਸ਼ਾਮ 6 ਤੋਂ 8 ਵਜੇ ਤੱਕ |
| 25 ਮਈ | ਐਤਵਾਰ | ਖੱਬੇ ਰਾਜਪੂਤਾਂ ਸਵੇਰੇ 10 ਤੋਂ 12 ਵਜੇ ਤੱਕ; ਚੌਧਰੀਵਾਲ ਸ਼ਾਮ 7 ਤੋਂ 9 ਵਜੇ ਤੱਕ | |
| 26 ਮਈ | ਸੋਮਵਾਰ | ਜਲਾਲ ਉਸਮਾਂ | ਸ਼ਾਮ 6 ਤੋਂ 8 ਵਜੇ ਤੱਕ |
| 27 ਮਈ | ਮੰਗਲਵਾਰ | ਜੇਠੂਵਾਲ | ਸ਼ਾਮ 6 ਤੋਂ 8 ਵਜੇ ਤੱਕ |
| 28 ਮਈ | ਬੁੱਧਵਾਰ | ਗੁ: ਰਾਮ ਥੰਮਣ ਸਾਹਿਬ ਮਨੇਸ਼ | ਸ਼ਾਮ 6 ਤੋਂ 8 ਵਜੇ ਤੱਕ |
| 29 ਮਈ | ਵੀਰਵਾਰ | ਮੈਹਣੀਆ ਕੁਹਾਰਾ | ਸ਼ਾਮ 6 ਤੋਂ 8 ਵਜੇ ਤੱਕ |
| 30 ਮਈ | ਸ਼ੁੱਕਰਵਾਰ | ਮਹਿਤਾ ਚੌਂਕ | ਸ਼ਾਮ 6 ਤੋਂ 8 ਵਜੇ ਤੱਕ |
| 31 ਮਈ | ਸ਼ਨੀਵਾਰ | ਚਾਟੀਵਿੰਡ | ਸ਼ਾਮ 6 ਤੋਂ 8 ਵਜੇ ਤੱਕ |

1-2-3-4-5 ਜੂਨ 2025 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2025, ਸ਼ੁੱਕਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ

ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2 , ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਫਰੀ ਵਿੱਦਿਆ ਪ੍ਰਾਪਤ ਕਰੋ

**ਸੰਪਰਕ: 99158-00904, 97793-10040, 95171-76191, 84376-91626**

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ
ਪਿੰਡ ਰੋਡੇ
ਪਹੁੰਚੋ
ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ


## Gurdwara Sahib Shaeed Baba Deep Singh ji Casalmorano Cremona (Italy)



ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ ॥

# ਅੰਮ੍ਰਿਤ ਸੰਚਾਰ

☛ ਦਿਨ ਸ਼ਨਿੱਚਰਵਾਰ 14 ਜੂਨ 2025 ☛ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ।



**ਕੱਕਾਰ ਗੁਰਦੁਆਰਾ ਸਾਹਿਬ ਵੱਲੋਂ ਭੇਟਾ ਰਹਿਤ ਮਿਲਣਗੇ**

**ਸਮਾਂ ਦੁਪਹਿਰ 12 :00 ਵਜੇ ਅੰਮ੍ਰਿਤ ਅਭਿਲਾਖੀ ਨੇ ਗੁਰਦੁਵਾਰਾ ਸਾਹਿਬ ਪਹੁੰਚਣ ਦੀ ਕੋਸ਼ਿਸ਼ ਕਰਨੀ**

☛ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸੰਤ ਬਾਬਾ ਨਰਿੰਦਰ ਸਿੰਘ ਜੀ ਕਾਰਸੇਵਾ ਸ੍ਰੀ ਹਜ਼ੂਰ ਸਾਹਿਬ
ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰਸੇਵਾ ਸ੍ਰੀ ਹਜ਼ੂਰ ਸਾਹਿਬ
ਸ੍ਰੀ ਮਹੰਤ ਬਾਬਾ ਰੇਸ਼ਮ ਸਿੰਘ ਜੀ ਨਿਰਮਲ ਸੰਪਰਦਾਏ
ਮਹੰਤ ਹਾਕਮ ਸਿੰਘ ਜੀ ਕੋਠਾ ਗੁਰੂ ਵਾਲੇ
ਸੰਤ ਗਿਆਨੀ ਸੁਰਜੀਤ ਸਿੰਘ ਜੀ ਮਹਿਰੋਂ ਵਾਲੇ
ਮਹੰਤ ਚਮਕੌਰ ਸਿੰਘ ਜੀ ਪੰਜਗਰਾਈਆਂ ਵਾਲੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਗਿਆਨੀ ਸੁਰਜੀਤ ਸਿੰਘ ਸੋਧੀ ਜੀ ਦਮਦਮੀ ਟਕਸਾਲ ਵਾਲੇ
ਡਾ. ਸੰਤ ਗੁਰਨਾਮ ਸਿੰਘ ਜੀ ਡਰੋਲੀ ਭਾਈਕੇ
ਬਾਬਾ ਸਾਧੂ ਸਿੰਘ ਲੰਡੇਆਣੇ ਵਾਲੇ
ਸੰਤ ਬੀਬੀ ਜਸਪ੍ਰੀਤ ਕੌਰ ਮਾਹਿਲਪੁਰ ਬੁੰਗੇ ਵਾਲੇ
ਬਾਬਾ ਹਰਨਾਮ ਸਿੰਘ ਸੁਆਮੀ ਜੀ ਮਾਹਿਲਪੁਰ ਬੁੰਗੇ ਵਾਲੇ
ਸੰਤ ਬਾਬਾ ਭੋਹੜ ਸਿੰਘ ਜੀ ਤੂਤਾਂ ਵਾਲੇ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸ. ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਹਰਿਆਣਾ
ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ
ਭਾਈ ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰ-ਏ-ਪੰਜਾਬ ਅਕਾਲੀ ਦਲ
ਭਾਈ ਮੋਹਕਮ ਸਿੰਘ ਜੀ ਦਮਦਮੀ ਟਕਸਾਲ ਵਾਲੇ
ਭਾਈ ਮੁਖਤਿਆਰ ਸਿੰਘ ਜੀ ਮੁਖੀ ਦਮਦਮੀ ਟਕਸਾਲ ਵਾਲੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਜਥੇਦਾਰ ਬੂਟਾ ਸਿੰਘ ਰਣਸੀਂਹ ਸ਼ੇਰ-ਏ-ਪੰਜਾਬ ਅਕਾਲੀ ਦਲ
ਜਥੇਦਾਰ ਸਤਨਾਮ ਸਿੰਘ ਜੀ ਮਨਾਵਾਂ
ਜਥੇਦਾਰ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਿੱਲੀ
ਭਾਈ ਸਤਵੰਤ ਸਿੰਘ ਸਪੁੱਤਰ ਸ਼ਹੀਦ ਭਾਈ ਕੇਹਰ ਸਿੰਘ
ਸ. ਤਰਸੇਮ ਸਿੰਘ (ਪਿਤਾ ਜੀ) ਐਮ.ਪੀ. ਭਾਈ ਅੰਮ੍ਰਿਤਪਾਲ ਸਿੰਘ
ਭਾਈ ਬਲਵਿੰਦਰ ਸਿੰਘ ਲੋਕ ਅਧਿਕਾਰ ਲਹਿਰ ਵਾਲੇ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਂਪੁਰਸ਼
ਬਾਬਾ ਸਰਬਜੋਤ ਸਿੰਘ ਜੀ ਬੇਦੀ ਅੰਸ਼-ਵੰਸ਼ ਸ੍ਰੀ ਗੁਰੂ ਨਾਨਕ ਦੇਵ ਜੀ
ਭਾਈ ਈਸ਼ਰ ਸਿੰਘ ਜੀ ਸਪੁੱਤਰ ਸੰਤ ਭਿੰਡਰਾਂਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ 96 ਕਰੋੜੀ
ਜਥੇਦਾਰ ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ
ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ
ਸੰਤ ਬਾਬਾ ਗੁਰਦੇਵ ਸਿੰਘ ਜੀ ਗੁ. ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ
ਜਥੇਦਾਰ ਬਾਬਾ ਨਾਗਰ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ
ਜਥੇਦਾਰ ਬਾਬਾ ਜਗਜੀਤ ਸਿੰਘ ਜੀ ਗੁਰੂ ਨਾਨਕ ਦਲ ਮੜੀਆਂ ਵਾਲੇ
ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਜਥੇਦਾਰ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਦੋਆਬਾ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915



ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਂਪੁਰਸ਼
ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦਬਾਗ ਵਾਲੇ ਕਾਰਜਕਾਰੀ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ
ਬਾਬਾ ਸੁਖਵਿੰਦਰ ਸਿੰਘ ਅਗਵਾਨ ਭਤੀਜੇ ਸ਼ਹੀਦ ਭਾਈ ਸਤਵੰਤ ਸਿੰਘ
ਬਾਬਾ ਸੁੱਖਾ ਸਿੰਘ ਜੀ ਕਾਰਸੇਵਾ ਸਰਹਾਲੀ ਸਾਹਿਬ
ਬਾਬਾ ਹਾਕਮ ਸਿੰਘ ਜੀ ਕਾਰਸੇਵਾ ਸਰਹਾਲੀ ਸਾਹਿਬ
ਜਥੇਦਾਰ ਬਾਬਾ ਹਰੀ ਸਿੰਘ ਜੀ ਹਰੀ ਸਿੰਘ ਨਲੂਆ ਦਲ
ਜਥੇਦਾਰ ਬਾਬਾ ਸਰਵਣ ਸਿੰਘ ਜੀ ਰਸਾਲਦਾਰ ਬੁੱਢਾ ਦਲ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸੰਤ ਬਾਬਾ ਹਰੀ ਸਿੰਘ ਜੀ ਨਾਨਕਸਰ ਹਰੀਕੇ ਵਾਲੇ
ਸੰਤ ਬਾਬਾ ਸੁਰਜੀਤ ਸਿੰਘ ਕੈਰੋਂ ਵਾਲੇ
ਸੰਤ ਬਾਬਾ ਜਸਵੰਤ ਸਿੰਘ ਜੀ ਸੋਢੀ ਵਿਦਿਆਲਾ ਆਸਲ ਉਤਾੜ ਵਾਲੇ
ਜਥੇਦਾਰ ਬਾਬਾ ਰਾਜਾ ਰਾਜ ਸਿੰਘ ਜੀ ਅਰਬਾਂ ਖਰਬਾਂ ਵਾਲੇ
ਜਥੇਦਾਰ ਬਾਬਾ ਕੁਲਵਿੰਦਰ ਸਿੰਘ ਜੀ ਚਮਕੌਰ ਸਾਹਿਬ ਵਾਲੇ
ਜਥੇਦਾਰ ਬਾਬਾ ਗੁਰਦੇਵ ਸਿੰਘ ਜੀ ਦਸੂਹੇ ਵਾਲੇ ਸ਼੍ਰੋਮਣੀ ਭਗਤ ਧੰਨਾ ਜੀ ਤਰਨਾ ਦਲ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ ਸਮਾਗਮ



ਦਮਦਮੀ ਟਕਸਾਲ ਦੇ 14ਵੇਂ ਮੁਖੀ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਜੀ ਖਾਲਸਾ, ਜਰਨਲ ਸਰਦਾਰ ਸੁਬੇਗ ਸਿੰਘ ਜੀ ਅਤੇ ਬਾਬਾ ਠਾਹਰਾ ਸਿੰਘ ਜੀ ਦੀਆਂ ਸ਼ਹੀਦੀਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਇਹ ਸਮਾਗਮ 75 ਵੀਂ ਸਲਾਨਾ ਬਰਸੀ ਸ਼੍ਰੀਮਾਨ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਨੂੰ ਵੀ ਸਮਰਪਿਤ ਹੋਣਗੇ।

☛ ਤਿੰਨੋਂ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਸਿੱਖ ਚੈਨਲ ਯੂ ਕੇ ਤੇ ਲਾਈਵ ਟੈਲੀਕਾਸਟ ਹੋਵੇਗਾ। ☛ ਸ਼ੁੱਕਰਵਾਰ 6 ਜੂਨ 2025 ਨੂੰ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ 5 ਤੋ 8 ਸ਼ਾਮ ਨੂੰ ਦੀਵਾਨ ਵੀ ਸਜਣਗੇ

☛ 8 ਜੂਨ ਐਤਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ☛ ਸ਼ਨਿੱਚਰਵਾਰ 7 ਜੂਨ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸੱਜਣਗੇ। ☛ ਐਤਵਾਰ 8 ਜੂਨ 6:00 ਵਜੇ ਸਵੇਰੇ ਚੁਪਹਿਰਾ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਅਤੇ ਸਮੇਤ ਸੁਖਮਨੀ ਸਾਹਿਬ ਦੇ 9: 00 ਵਜੇ ਭੋਗ ਪੈਣਗੇ ਉਪੰਰਤ 1:00 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਅਤੇ ਰਾਗੀ ਸਿੰਘ ਕੀਰਤਨ ਰਾਹੀਂ, ਗੁਰਬਾਣੀ ਕਥਾ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ☛ ਸਟਾਲ ਵੀ ਲੱਗਣਗੇ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


GURDWARA BABA SANG JI
SMETHWICK, BIRMINGHAM
6TH - 8TH JUNE
8th June ਅੰਮ੍ਰਿਤ ਸੰਚਾਰ (12PM)
AMRIT SANCHAR
Naujawan Sewak Sabha Birmingham UK
COMMEMORATING THE SHAHEEDI DIVAS OF
DHAN DHAN SRI GURU ARJAN DEV MAHARAJ JI
AND ALL SHAHEEDS OF JUNE 1984
Arambh Sri Akhand Path Sahib : Friday 6th June 2025 (11AM)
Bhog Sri Akhand Path Sahib : Sunday 8th June 2025 (10AM)
ਮਹਾਨ ਅੰਮ੍ਰਿਤ ਸੰਚਾਰ
MAHAAN AMRIT SANCHAR
Sunday 8th June 2025 (12PM)
Kakaars will be provided by
GURDWARA BABA SANG JI SMETHWICK, BIRMINGHAM
7-9 St Paul's Rd, Smethwick B66 1EE
For more information contact:
Devinder Singh:
07452 765165
Manjinder Singh:
07848460728
Design & Printed by Star Signs & Displays - 0121 572 0909
ਆਵਾਜ਼ਿ ਕੌਮ
AWAZE QAUM
International Newspaper & WEB TV

IT IS WITH OUR DEEPEST SORROW, THAT WE WOULD LIKE TO INFORM YOU OF THE PASSING OF

# Mr Teja Singh Sandhu

Husband of the late Mrs Kulwant Kaur Sandhu



## on Friday 16th May 2025

You are welcome to pay respects at 511 Brook Lane, B13 0BU on Saturday 24$^{th}$ May 2025 and Sunday 25$^{th}$ May 2025 between 10.30am-7pm

## Funeral Service Details:
## Tuesday May 27$^{th}$ 2025

Arrival of the hearse at residence: 10.15am
Departure of cortège: 11.00am
**511 Brook Lane, Kings Heath, B13 0BU**

Cremation service at 11.30am
**Robin Hood Cemetery, Streetsbrook Road, Shirley, B90 3NL**

Bhog Ceremony at Guru Nanak Gurdwara: 12.30pm, Hall 2, First Floor
**629-631, Stratford Road, Birmingham, B11 4LS**

To attend virtually: https://watch.obitus.com
Username duja7937
Password 192142




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ



## 2 ਜੂਨ ਨੂੰ ਪਿੰਡ ਰੋਡੇ ਪਹੁੰਚੋ

ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ

ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ

**ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼**



ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ



ਸੰਤ ਬਾਬਾ ਜਗਜੀਤ ਸਿੰਘ ਸੰਪਰਦਾਇ ਹਰਖੋਵਾਲ ਵਾਲੇ | ਬਾਬਾ ਕਮਲਜੀਤ ਸਿੰਘ ਸ਼ਾਸਤਰੀ ਜੀ ਨਿਰਮਲ ਸੰਪਰਦਾਇ ਸੁਖਾਨੰਦ ਵਾਲੇ | ਸੰਤ ਬਾਬਾ ਪ੍ਰਦੀਪ ਸਿੰਘ ਜੀ ਗਊਸ਼ਾਲਾ ਬੱਧਨੀ ਕਲਾਂ ਵਾਲੇ | ਬਾਬਾ ਗਗਨਦਾਸ ਜੀ ਗਊਸ਼ਾਲਾ ਕੋਟ ਸੁਖੀਆ ਵਾਲੇ | ਸੰਤ ਬਾਬਾ ਰਾਮ ਸਿੰਘ ਜੀ ਧਰਮਕੋਟ ਵਾਲੇ | ਬਾਬਾ ਅਮਰਜੀਤ ਸਿੰਘ ਜੀ ਧਰਮਕੋਟ ਵਾਲੇ | ਬਾਬਾ ਮੰਗਾ ਸਿੰਘ ਜੀ ਢੋਲੇਵਾਲ ਵਾਲੇ



ਸੰਤ ਬਾਬਾ ਜਸਵਿੰਦਰ ਸਿੰਘ ਜੀ ਜੰਡਸਰ ਸਾਹਿਬ ਵਾਲੇ | ਭਾਈ ਹਰਗੋਪਾਲ ਸਿੰਘ ਜੀ ਮਟਵਾਣੀ ਵਾਲੇ | ਸੰਤ ਬਾਬਾ ਰਮਨਦੀਪ ਸਿੰਘ ਜੀ ਮੰਡੀਰਾਂ ਵਾਲੇ | ਸੰਤ ਬਾਬਾ ਸੋਹਣ ਸਿੰਘ ਜੀ ਖੁਸ਼ਦਿਲ (ਅਰਨੀਵਾਲਾ) | ਸੰਤ ਬਾਬਾ ਗੁਰਸੇਵਕ ਸਿੰਘ ਜੀ ਢਿੱਲਵਾਂ | ਸੰਤ ਬਾਬਾ ਬਲਵਿੰਦਰ ਸਿੰਘ ਜੀ ਖੁਮਾਣੀਸਰ | ਬਾਬਾ ਭੋਲਾ ਸਿੰਘ ਜੀ ਬੱਡੂਵਾਲ ਵਾਲੇ

ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।

ਸੰਪਰਕ : 98140-29018, 97815-52538, 98140-13915


## ਸੱਦਾ ਪੱਤਰ

**ਅਕਾਲੀ ਦਲ ਬਚਾਉਣਾ ਹੈ , ਪੰਥ ਦੀ ਝੋਲੀ ਪਾਉਣਾ ਹੈ**

**ਪੰਥਕ ਇਕੱਤਰਤਾ**

29 ਮਈ , 2025 ਦਿਨ ਵੀਰਵਾਰ

ਸਮਾਂ - ਸ਼ਾਮ 5 ਵਜੇ

SCO ਨੰਬਰ 23 , ਕਬੀਰ ਪਾਰਕ ਮਾਰਕਿਟ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਹਮਣੇ

**ਸ੍ਰੀ ਅੰਮ੍ਰਿਤਸਰ ਸਾਹਿਬ**

ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ

**ਗਿਆਨੀ ਹਰਪ੍ਰੀਤ ਸਿੰਘ** (ਜੱਥੇਦਾਰ ਸਾਹਿਬਾਨ)

**ਬੀਬੀ ਸਤਵੰਤ ਕੌਰ** (ਮੈਂਬਰ, ਪੰਜ ਮੈਂਬਰੀ ਕਮੇਟੀ)

**ਅਜੇਪਾਲ ਸਿੰਘ ਬਰਾੜ** (ਪ੍ਰਧਾਨ ਮਿਸਲ ਸਤਲੁਜ)

**ਦਵਿੰਦਰ ਸਿੰਘ ਸੇਖੋਂ** (ਜਰਨਲ ਸਕੱਤਰ, ਮਿਸਲ ਸਤਲੁਜ)

**ਪਰਮਪਾਲ ਸਿੰਘ ਸਭਰਾ** (ਸਿੱਖ ਅਲਾਇੰਸ)

ਮਿਸਲ ਸਤਲੁਜ

**ਆਪ ਜੀ ਨੂੰ ਬੇਨਤੀ ਹੈ ਕਿ ਇਸ ਪੰਥਕ ਇਕੱਠ ਵਿੱਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਬੀਬੀ ਜਸਮੀਤ ਕੌਰ ਛੀਨਾ **98559-73085**

ਹੁਸਨਦੀਪ ਸਿੰਘ ਗਿੱਲ **98882-80432**

ਜਗਤਾਰ ਸਿੰਘ ਗਿੱਲ **98763-41981**

ਆਵਾਜ਼ਿ ਕੌਮ AWAZE QAUM International Newspaper & WEB TV

**ਗੁਰੂ ਸਵਾਰੀ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ**

**ਵਾਹਿਗੁਰੂ ਜੀ ਕਈ ਫਤਿਹ ਜੀ**

ਸਮੂਹ ਸੰਗਤ ਨੂੰ ਬੇਨਤੀ ਹੈ ਜੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਸ਼ੁਰੂ ਹੋਈ ਭਰਤੀ ਦੀ ਮਹਿੰਮ ਨੂੰ ਮਾਝੇ ਵਿੱਚ ਜ਼ੋਰ- ਸ਼ੋਰ ਨਾਲ ਚਲਾਉਣ ਲਈ ਮਿਤੀ 29 ਮਈ ਨੂੰ ਮਿਸਲ ਸਤਲੁਜ ਵੱਲੋਂ ਮਿਸਲ ਦੇ ਦਫ਼ਤਰ, ਕਬੀਰ ਪਾਰਕ ਮਾਰਕੀਟ ਵਿੱਚ ਸ਼ਾਮ 4 ਵਜੇ ਤੋਂ 7 ਵਜੇ ਤੱਕ ਇੱਕ ਪੰਥਕ ਇਕੱਠ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਆਪ ਸਭ ਨੂੰ ਹੁੰਮ -ਹੁਮਾ ਕੇ ਪਹੁੰਚਣ ਦੀ ਅਪੀਲ ਹੈ ਜੀ, ਆਪ ਜੀਆਂ ਦੀ ਹਾਜ਼ਰੀ ਇਸ ਨਵੇਂ ਬਣ ਰਹੇ ਅਕਾਲੀ ਦਲ ਨੂੰ ਪੰਥਕ ਕਦਰਾਂ ਕੀਮਤਾਂ ਤੇ ਪੂਰਾ ਉਤਰਨ ਲਈ ਅਤੇ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹਣ ਵਿੱਚ ਅਤਿਅੰਤ ਸਹਾਈ ਹੋਵੇਗੀ ◆ ਆਸ ਕਰਦੇ ਹਾਂ ਹਰੇਕ ਮਾਈ - ਭਾਈ ਜੋ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸਮਰਪਿਤ ਹੈ ਅਤੇ ਸਿੱਖੀ ਸਿਧਾਂਤਾਂ ਤੇ ਡਟ ਕੇ ਪਹਿਰਾ ਦੇਣ ਦਾ ਇੱਛੁਕ ਹੈ ਜਰੂਰ ਹੀ ਇਸ ਸਮਾਗਮ ਵਿੱਚ ਦਰਸ਼ਣ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

--✶ ਧੰਨਵਾਦ ਸਹਿਤ ✶--

**ਸੇਵਾਦਾਰ : ਜਸਮੀਤ ਕੌਰ ਛੀਨਾ**

**9855973085**

# ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ

## 2 ਜੂਨ ਨੂੰ ਪਿੰਡ ਰੋਡੇ ਪਹੁੰਚੋ

**ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ**

**ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ**



ਜਦੋਂ ਵੀ ਪੰਥ ਦੇ ਸਿਰਮੌਰ ਸ਼ਹੀਦ, ਸੁਯੋਗ ਅਗਵਾਈ, ਗੁਰਬਾਣੀ ਦੇ ਅਦਬ ਸਤਿਕਾਰ, ਕੌਮੀ ਹੱਕਾਂ, ਸਿੱਖਾਂ ਦੀ ਆਜ਼ਾਦੀ ਜਾਂ ਖ਼ਾਲਸਾ ਰਾਜ ਦੀ ਗੱਲ ਚੱਲਦੀ ਹੈ ਤਾਂ ਵਿਸ਼ੇਸ਼ ਤੌਰ 'ਤੇ ਹਰ ਸਿੱਖ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਨਾਮ ਲੈ ਕੇ ਸੰਗਤਾਂ ਨੂੰ ਪ੍ਰੇਰਿਤ ਕਰਦਾ ਹੈ, ਉਨ੍ਹਾਂ ਮਹਾਨ ਮਹਾਂਪੁਰਖਾਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖ਼ਾਲਸਾ ਰੋਡੇ ਵਿਖੇ ਹਰ ਸਾਲ ਦੀ ਤਰ੍ਹਾਂ ਬਹੁਤ ਉਤਸ਼ਾਹ ਸਹਿਤ 2 ਜੂਨ 2025 ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਦੇ ਸਬੰਧ ਵਿੱਚ ਬਹੁਤ ਵੱਡੇ ਪੱਧਰ ਤੇ ਗੁਰਮਤਿ ਸਮਾਗਮ ਹਰ ਸਾਲ ਦੀ ਤਰ੍ਹਾਂ ਕਰਵਾਏ ਜਾ ਰਹੇ ਹਨ, ਸੋ ਵੱਡੇ ਪ੍ਰਬੰਧ ਕਰਨ ਲਈ ਆਪ ਸੰਗਤਾਂ ਦੇ ਸਹਿਯੋਗ ਦੀ ਬਹੁਤ ਲੋੜ ਹੈ, ਆਪ ਜੀ ਥੋੜ੍ਹੇ ਵਿਚੋਂ ਥੋੜ੍ਹਾ ਅਤੇ ਬਹੁਤੇ ਵਿਚੋਂ ਬਹੁਤਾ ਸਹਿਯੋਗ ਤਿਲ ਫੁੱਲ ਮਾਇਆ ਸਹਿਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ, ਵਾਹਿਗੁਰੂ ਜੀ ਸਭ ਨੂੰ ਚੜ੍ਹਦੀਕਲਾ ਵਿੱਚ ਰੱਖਣ, ਸਿੱਧੀ ਸੇਵਾ ਭੇਜਣ ਲਈ ਗੁਰਦੁਆਰਾ ਸੰਤ ਖ਼ਾਲਸਾ (ਜਨਮ ਅਸਥਾਨ, ਸੰਤ ਭਿੰਡਰਾਂਵਾਲੇ) ਪਿੰਡ ਰੋਡੇ ਦਾ ਬੈਂਕ ਖ਼ਾਤਾ ਨੰਬਰ ਹੈ :

**PUNJAB NATIONAL BANK BAGHA PURANA**
**DISTRICT MOGA PUNJAB, INDIA-142038**
**A/C - 1747102100000016 GURDWARA SANT KHALSA**
**JANAM ASTHAN SANT GIANI JARNAIL SINGH JI**
**IFSC:PUNB0063710, SWIFTPUNBINBBLIA**

**ਸਿਰਫ਼ ਸੰਤਾਂ ਦਾ ਨਾਮ ਹੀ ਨਾ ਵਰਤੀਏ, ਸਗੋਂ ਉਨ੍ਹਾਂ ਦੇ ਜਨਮ ਦਿਨ ਦੇ ਮਹਾਨ ਸਮਾਗਮ ਵਿੱਚ ਸ਼ਾਮਿਲ ਹੋਈਏ, ਮਾਇਆ ਦਾ ਸਹਿਯੋਗ ਦਿੰਦੇ ਹੋਏ ਤਨ, ਮਨ ਕਰਕੇ ਸਮਰਪਿਤ ਹੁੰਦਿਆਂ ਉਨ੍ਹਾਂ ਦਾ ਉਪਦੇਸ਼ ਵੀ ਕਮਾਈਏ**

ਆਵਾਜ਼ਿ ਕੌਮ AWAZE QAUM International Newspaper & WEB TV

# ਜਨਮ-ਦਿਨ ਸਮਾਗਮ

## ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਗੁਰੂ ਪਿਆਰੇ ਖ਼ਾਲਸਾ ਜੀ ਸਭਨਾਂ ਨੂੰ ਹਾਰਦਿਕ ਸੱਦਾ ਹੈ ਕਿ 02 ਜੂਨ ਦਿਨ ਸੋਮਵਾਰ ਨੂੰ 10 ਤੋਂ ਸ਼ਾਮ 3 ਵਜੇ ਤੱਕ ਗੁਰਦੁਆਰਾ ਸੰਤ ਖ਼ਾਲਸਾ ਪਿੰਡ ਰੋਡੇ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ ਹੋਵੇਗਾ ਜਿਥੇ ਪੰਥਕ ਵਿਚਾਰਾਂ ਹੋਣਗੀਆਂ ਆਓ ਸਾਰੇ ਰਲ ਕੇ ਪੰਥ ਦੇ ਉਜਲੇ ਭਵਿੱਖ ਲਈ ਰਣਨੀਤੀ ਬਣਾਉਣ ਦਾ ਯਤਨ ਕਰੀਏ ਤੇ ਆਸ ਰੱਖੀਏ "ਗੁਰੂ ਭਲਾ ਕਰੇਗਾ"

ਗੁਰੂ ਪੰਥ ਦਾ ਦਾਸ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖ਼ਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ ਇਕਾਈ
ਭਾਈ ਗੁਰਦੇਵ ਸਿੰਘ ਜੀ ਬਰਾੜ ਰੋਡੇ (ਯੂ.ਕੇ.)
ਭਾਈ ਜਸਪਾਲ ਸਿੰਘ, ਲੈਸਟਰ ਖਜ਼ਾਨਚੀ IPD
ਭਾਈ ਸ਼ਮਸ਼ੇਰ ਬਹਾਦਰ ਸਿੰਘ, ਲੈਸਟਰ ਪ੍ਰੈਸ ਸਕੱਤਰ ਮੀਤ ਖਜ਼ਾਨਚੀ IPD
ਭਾਈ ਅਪਿੰਦਰਪਾਲ ਸਿੰਘ ਹੈਪੀ ਬਰਮਿੰਘਮ ਮੀਤ ਖਜ਼ਾਨਚੀ IPD
ਭਾਈ ਮੱਖਣ ਸਿੰਘ ਇਰਾਨੀ ਬਰਮਿੰਘਮ, ਸੀਨੀਅਰ ਮੈਂਬਰ IPD
ਭਾਈ ਬਲਬੀਰ ਸਿੰਘ ਰੰਧਾਵਾ ਯੂ.ਕੇ.
ਧੰਨਾ ਸਿੰਘ ਗੋਸਲ ਯੂ.ਕੇ.
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਭਾਈ ਅਮਰੀਕ ਸਿੰਘ ਤੂਰ, ਡਰਬੀ ਸੀਨੀਅਰ ਮੈਂਬਰ IPD
ਭਾਈ ਗੁਰਵਿੰਦਰ ਸਿੰਘ ਬਾਜਵਾ, ਕਵੈਂਟਰੀ ਸੀਨੀਅਰ ਮੈਂਬਰ IPD
ਭਾਈ ਬਲਜੀਤ ਸਿੰਘ ਕੰਗ ਬਰਮਿੰਘਮ ਸਹਿਯੋਗੀ IPD
ਭਾਈ ਨਛੱਤਰ ਸਿੰਘ ਛੋਕਰ, ਡਰਬੀ ਸਹਿਯੋਗੀ IPD
ਜਥੇਦਾਰ ਪ੍ਰਗਟ ਸਿੰਘ ਜੀ ਇਟਲੀ, ਪ੍ਰਧਾਨ IPD
ਜਸਵਿੰਦਰ ਸਿੰਘ ਇਟਲੀ
ਜਥੇਦਾਰ ਨਛੱਤਰ ਸਿੰਘ ਜੀ ਅਸਟਰੀਆ ਪ੍ਰਧਾਨ IPD
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਇੰਟਰਨੈਸ਼ਨਲ ਪੰਥਕ ਦਲ ਤੇ ਸਮੂਹ ਸੰਗਤਾਂ
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ ਇਕਾਈ
ਭਾਈ ਰਘਵੀਰ ਸਿੰਘ ਵਾਲਸਾਲ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ
ਭਾਈ ਪਰਮਜੀਤ ਸਿੰਘ ਢਾਡੀ ਵੈਨਸਫੀਲਡ ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ IPD
ਭਾਈ ਕਪਤਾਨ ਸਿੰਘ ਵੁਲਵਰਹੈਂਪਟਨ ਜਨਰਲ ਸਕੱਤਰ ਅਤੇ ਮੁੱਖ ਬੁਲਾਰਾ IPD
ਭਾਈ ਰਘਵੀਰ ਸਿੰਘ ਮਾਲੜੀ, ਨੌਟਿੰਘਮ, ਚੀਫ ਆਰਗੇਨਾਈਜ਼ਰ IPD
ਬਾਬਾ ਬਘੇਲ ਸਿੰਘ, ਬਰਮਿੰਘਮ, ਜਥੇਦਾਰ ਧਾਰਮਿਕ ਵਿੰਗ IPD
ਭਾਈ ਰਘਵੀਰ ਸਿੰਘ ਬੀਰ੍ਹਾ, ਬਰਮਿੰਘਮ, ਮੀਤ ਪ੍ਰਧਾਨ IPD
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਭਾਈ ਹਰਜਿੰਦਰ ਸਿੰਘ ਬ੍ਰੈਡਫੋਰਡ ਸੀਨੀਅਰ ਮੀਤ ਪ੍ਰਧਾਨ IPD
ਭਾਈ ਸੰਤੋਖ ਸਿੰਘ ਕਵੈਂਟਰੀ ਸੀਨੀਅਰ ਮੀਤ ਸਕੱਤਰ IPD
ਭਾਈ ਬਿਕਰਮਜੀਤ ਸਿੰਘ ਵਾਲਸਾਲ ਮੀਤ ਸਕੱਤਰ IPD
ਭਾਈ ਮਨਜਿੰਦਰ ਸਿੰਘ ਕਵੈਂਟਰੀ ਸਾਊਥ ਆਰਗੇਨਾਈਜ਼ਰ IPD
ਭਾਈ ਸੁਰਿੰਦਰਪਾਲ ਸਿੰਘ ਵਾਲਸਾਲ ਮਿਡਲੈਂਡ ਆਰਗੇਨਾਈਜ਼ਰ IPD
ਭਾਈ ਚਰਨਜੀਤ ਸਿੰਘ ਡਰਬੀ, ਨਾਰਥ ਆਰਗੇਨਾਈਜ਼ਰ IPD
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਇੰਟਰਨੈਸ਼ਨਲ ਪੰਥਕ ਦਲ ਤੇ ਸਮੂਹ ਸੰਗਤਾਂ
ਸੰਪਰਕ : 98140-29018, 97815-52538, 98140-13915





# ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਖਿਲਾਫ ਕੀਤੀ ਸ਼ਿਕਾਇਤ ਦਾ ਪੰਜਾਬ ਸਿਵਲ ਮੈਡੀਕਲ ਸਰਵਿਸਿਜ ਐਸੋਸੀਏਸ਼ਨ ਨੇ ਕੀਤਾ ਨਿਪਟਾਰਾ

**ਤਲਵੰਡੀ ਸਾਬੋ**, 25 ਮਈ (**ਗੁਰਜੰਟ ਸਿੰਘ ਨਥੇਹਾ**)- ਪੰਜਾਬ ਸਿਵਲ ਮੈਡੀਕਲ ਸਰਵਿਸਿਜ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਅਖਿਲ ਸਰੀਨ ਦੀ ਪ੍ਰਧਾਨਗੀ ਹੇਠ ਬਣੀ ਹੋਈ ਸੂਬਾ ਕਮੇਟੀ ਵੱਲੋਂ ਅੱਜ ਡਾਕਟਰ ਰਵੀਕਾਂਤ ਗੁਪਤਾ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਵਿਰੁੱਧ ਉਹਨਾਂ ਦੇ ਹੀ ਮੈਡੀਕਲ ਅਫਸਰ ਸਾਹਿਬਾਨਾਂ ਵੱਲੋਂ ਪਿਛਲੇ ਦਿਨੀ ਕੀਤੀ ਸ਼ਿਕਾਇਤ ਦਾ ਨਿਪਟਾਰਾ ਕਰਾ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਮਿਤੀ 21 ਮਈ 2025 ਨੂੰ ਸਬ ਡਿਵੀਜ਼ਨਲ ਹਸਪਤਾਲ ਤਲਵੰਡੀ ਸਾਬੋ ਦੇ ਡਾਕਟਰ ਬਿਕਰਮ ਪ੍ਰਤਾਪ ਖਿੱਚੀ ਵੱਲੋਂ ਡਾਕਟਰ ਰਵੀਕਾਂਤ ਗੁਪਤਾ ਸੀਨੀਅਰ ਮੈਡੀਕਲ ਅਫਸਰ

ਆਵਾਜ਼ਿ ਕੌਮ AWAZE QAUM International Newspaper & WEB TV

ਵਿਰੁੱਧ ਮਾਨਯੋਗ ਸਿਵਿਲ ਸਰਜਨ ਬਠਿੰਡਾ ਕੋਲ ਸ਼ਿਕਾਇਤ ਕੀਤੀ ਸੀ ਕਿ ਡਾਕਟਰ ਰਵੀਕਾਂਤ ਦੁਆਰਾ ਉਹਨਾਂ ਸਮੇਤ ਸਮੂਹ ਮੈਡੀਕਲ ਅਫਸਰਾਂ ਨਾਲ ਰੁੱਖੀ ਅਤੇ ਭੈੜੀ ਸ਼ਬਦਾਵਲੀ ਵਰਤੀ ਜਾਂਦੀ ਹੈ। ਜਿਸ ਦਾ ਸਮਰਥਨ ਸਿਵਲ ਹਸਪਤਾਲ ਤਲਵੰਡੀ ਸਾਬੋ ਸਮੂਹ ਮੈਡੀਕਲ ਅਫਸਰਾਂ ਵੱਲੋਂ ਵੀ ਕੀਤਾ ਗਿਆ। ਸੂਬਾ ਕਮੇਟੀ ਨੇ ਬਠਿੰਡਾ ਪਹੁੰਚ ਕੇ ਸਾਰੇ ਮਸਲੇ ਦੀ ਪੂਰੀ ਗਹਿਰਾਈ ਨਾਲ ਜਾਂਚ ਪੜਤਾਲ ਕੀਤੀ ਅਤੇ ਦੋਹਾਂ ਧਿਰਾਂ ਨੂੰ ਆਹਮਣੇ ਸਾਹਮਣੇ ਬਿਠਾ ਕੇ ਉਹਨਾਂ ਵਿੱਚ ਪੈਦਾ ਹੋਏ ਆਪਸੀ ਮਤਭੇਦਾਂ ਨੂੰ ਖਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਕਮੇਟੀ ਇਹ ਸਮਝਦੀ ਹੈ ਕਿ ਕੰਮ ਕਰਦੇ ਸਮੇਂ ਆਪਸੀ ਮਤਭੇਦਾਂ ਨੂੰ ਕਿਸੇ ਵੀ ਤਰੀਕੇ ਰੋਕਿਆ ਤਾਂ ਨੀ ਜਾ ਸਕਦਾ ਪਰ ਉਹਨਾਂ ਨੂੰ ਨਜਿੱਠਣ ਦੇ ਲਈ ਸੀਨੀਅਰ ਅਧਿਕਾਰੀਆਂ ਨੂੰ ਇੱਕ ਬਹੁਤ ਹੀ ਮਿਲਵਰਤਨ ਅਤੇ ਨਿਮਰਤਾ ਵਾਲਾ ਵਤੀਰਾ ਅਪਣਾਉਣਾ ਚਾਹੀਦਾ ਹੈ। ਅਜਿਹੇ ਮਤਭੇਦ ਟਕਰਾਵਾਂ ਦੇ ਵਿੱਚ ਨਹੀਂ ਬਦਲਣੇ ਚਾਹੀਦੇ। ਕਮੇਟੀ ਦੀ ਪਹਿਲ ਕਦਮੀ ਨਾਲ ਇਸ ਮਸਲੇ ਨੂੰ ਪੂਰੀ ਤਰ੍ਹਾਂ ਨਜਿੱਠ ਲਿਆ ਗਿਆ ਹੈ ਹੁਣ ਦੋਹੇ ਧਿਰਾਂ ਆਪਸੀ ਸਮਝ ਅਤੇ ਮਿਲਵਰਤਨ ਨਾਲ ਅਤੇ ਅਨੁਸ਼ਾਸਨ ਅਧੀਨ ਰਹਿ ਕੇ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਸੇਵਾ ਲਈ ਬਚਨ ਵੱਧ ਹਨ। ਡਾਕਟਰ ਰਵੀਕਾਂਤ ਵੱਲੋਂ ਵੀ ਅੱਗੇ ਤੋਂ ਆਪਣੀ ਬੋਲਣੀ ਵਿੱਚ ਨਿਮਰਤਾ ਤੇ ਹਲੀਮੀ ਦੇ ਭਾਵ ਲਿਆਉਣ ਦਾ ਵਾਅਦਾ ਕੀਤਾ ਗਿਆ ਹੈ। ਸਮੂਹ ਮੈਡੀਕਲ ਅਫਸਰ ਸਾਹਿਬਾਨ ਵੱਲੋਂ ਵੀ ਆਪਸੀ ਸਹਿਯੋਗ ਨਾਲ ਸੰਸਥਾ ਦੀ ਵਧੀਆ ਕਾਰਗੁਜ਼ਾਰੀ ਲਈ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮੀਡੀਆ ਦੇ ਕੁਝ ਹਿੱਸੇ ਵੱਲੋਂ ਇਸ ਸ਼ਿਕਾਇਤ ਨੂੰ ਤੋੜ ਮਰੋੜ ਕੇ ਗਲਤ ਤੱਥਾਂ ਤਹਿਤ ਪੇਸ਼ ਕੀਤਾ ਗਿਆ ਜਿਸ ਨਾਲ ਡਾਕਟਰ ਰਵੀ ਕਾਂਤ ਗੁਪਤਾ ਦੇ ਚਰਿੱਤਰ ਨੂੰ ਠੇਸ ਪਹੁੰਚੀ ਹੈ। ਕਮੇਟੀ ਦੀ ਪੜਤਾਲ ਅਨੁਸਾਰ ਅਜਿਹਾ ਕੋਈ ਵੀ ਤੱਥ ਜਾਂ ਸ਼ਿਕਾਇਤ ਸਾਹਮਣੇ ਨਹੀਂ ਆਈ ਜਿਸ ਵਿੱਚ ਡਾਕਟਰ ਰਵੀਕਾਂਤ ਦੇ ਚਰਿੱਤਰ ਤੇ ਕੋਈ ਸਵਾਲ ਉਠਾਇਆ ਗਿਆ ਹੋਵੇ। ਡਾਕਟਰ ਰਵੀ ਕਾਂਤ ਦਾ ਚਰਿੱਤਰ ਬੇਦਾਗ ਹੈ। ਡਾਕਟਰ ਅਖਿਲ ਸਰੀਨ ਸੂਬਾ ਪ੍ਰਧਾਨ ਪੀਸੀਐਮਐਸਏ ਪੰਜਾਬ ਵੱਲੋਂ ਮੀਡੀਆ ਦੇ ਕੁਝ ਹਿੱਸੇ ਵਲੋਂ ਲੱਗੀਆਂ ਅਜਿਹੀਆਂ ਖਬਰਾਂ ਦੀ ਨਿੰਦਾ ਕੀਤੀ ਹੈ ਅਤੇ ਨਾਲ ਹੀ ਪ੍ਰੈਸ ਭਾਈਚਾਰੇ ਤੋਂ ਉਮੀਦ ਕੀਤੀ ਹੈ ਕਿ ਉਹ ਹਰ ਇੱਕ ਖਬਰ ਦੀ ਪੂਰੀ ਘੋਖ ਪੜਤਾਲ ਕਰਨ ਤੋਂ ਬਾਅਦ ਹੀ ਉਸਦੇ ਤੱਥਾਂ ਨੂੰ ਲੋਕਾਂ ਸਾਹਮਣੇ ਜਨਤਕ ਕਰਨ ਕਿਉਂਕਿ ਤੋੜੀ ਮਰੋੜੀ ਖਬਰ ਨਾਲ ਜਿੱਥੇ ਵਿਭਾਗ ਦਾ ਅਕਸ਼ ਖਰਾਬ ਹੁੰਦਾ ਹੈ ਉੱਥੇ ਕਿਸੇ ਵਿਅਕਤੀ ਵਿਸ਼ੇਸ਼ ਦੇ ਨਿਜੀ ਚਰਿਤਰ ਨੂੰ ਵੀ ਸੱਟ ਲੱਗਦੀ ਹੈ। ਇਸ ਮੌਕੇ ਸੂਬਾ ਪ੍ਰਬੰਧਕੀ ਸਕੱਤਰ ਡਾ. ਅਰਸ਼ਦੀਪ ਬਰਾੜ ਨੇ ਕਿਹਾ ਕਿ ਪੀਸੀਐਮਐਸਏ ਦੇ ਕਿਸੇ ਵੀ ਅਹੁਦੇ 'ਤੇ ਤਾਇਨਾਤ





ਡਾਕਟਰ ਪ੍ਰਤੀ ਅਪਮਾਨਜਨਕ ਵਰਤਾਰੇ ਦਾ ਸੂਬਾ ਕਮੇਟੀ ਸਖਤ ਨੋਟਿਸ ਲਏਗੀ। ਡਾ. ਬਾਜਵਾ ਸੀਨੀਅਰ ਮੀਤ ਪ੍ਰਧਾਨ ਪੀਸੀਐਮਐਸਏ ਪੰਜਾਬ ਨੇ ਵੀ ਮੀਡੀਆ ਦੇ ਸਾਥ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਮੀਡੀਆ ਨੇ ਲੋਕ ਪੱਖੀ ਖਬਰਾਂ ਨੂੰ ਪਹਿਲ ਬਣਾ ਕੇ ਸਾਡੇ ਪਿਛਲੇ ਸੰਘਰਸ਼ਾਂ ਨੂੰ ਸਮਰਥਨ ਦਿੱਤਾ ਹੈ ਉਸੇ ਤਰ੍ਹਾਂ ਹੀ ਆਉਣ

**ਤਲਵੰਡੀ ਸਾਬੋ ਦੇ ਇੱਕ ਡਾਕਟਰ ਨੇ ਐਸਐਮਓ ਰਵੀ ਕਾਂਤ ਖਿਲਾਫ ਦੁਰਵਿਵਹਾਰ ਦੀ ਕੀਤੀ ਸੀ ਸ਼ਿਕਾਇਤ**

ਵਾਲੇ ਸਮੇਂ ਵਿੱਚ ਮੀਡੀਆ ਸਿਹਤ ਅਦਾਰਿਆਂ ਨੂੰ ਅਤੇ ਉਹਨਾਂ ਦੀਆਂ ਲੋਕ ਪੱਖੀ ਸੇਵਾਵਾਂ ਨੂੰ ਸਮਾਜ ਸਾਹਮਣੇ ਪੇਸ਼ ਕਰਦੇ ਹੋਏ ਇੱਕ ਵਧੀਆ ਅਕਸ਼ ਉਸਾਰਨ ਦਾ ਕੰਮ ਕਰਦਾ ਰਹੇਗਾ। ਕਮੇਟੀ ਨੇ ਆਪਣੀ ਪੜਤਾਲ ਦੇ ਅਧਾਰ 'ਤੇ ਦੋਹਾਂ ਧਿਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹੋਏ ਸਿਵਲ ਸਰਜਨ ਬਠਿੰਡਾ ਡਾ. ਰਮਨਦੀਪ ਸਿੰਗਲਾ ਪਾਸ ਸਮੂਹ ਮੈਡੀਕਲ ਅਫਸਰ ਤਲਵੰਡੀ ਸਾਬੋ ਵੱਲੋਂ ਡਾਕਟਰ ਰਵੀਕਾਂਤ ਗੁਪਤਾ ਖਿਲਾਫ ਕੀਤੀ ਸ਼ਿਕਾਇਤ ਸਬੰਧੀ ਕੋਈ ਕਾਰਵਾਈ ਨਾ ਕਰਵਾਉਣ ਦੀ ਪੁਸ਼ਟੀ ਕੀਤੀ ਹੈ। ਸੂਬਾ ਕਮੇਟੀ ਨੇ ਇਸ ਗੱਲ ਦੀ ਵੀ ਲੋੜ ਮਹਿਸੂਸ ਕੀਤੀ ਹੈ ਕਿ ਸਰਕਾਰ ਵੱਲੋਂ ਨਵੇਂ ਬਣੇ ਸੀਨੀਅਰ ਮੈਡੀਕਲ ਅਫਸਰ ਅਤੇ ਨਵ ਨਿਯੁਕਤ ਭਰਤੀ ਮੈਡੀਕਲ ਅਫਸਰਾਂ ਨੂੰ ਪਿਛਲੇ ਸਮਿਆਂ ਦੀ ਤਰ੍ਹਾਂ ਇੰਡਕਸ਼ਨ ਟ੍ਰੇਨਿੰਗ ਫਿਰ ਤੋਂ ਸ਼ੁਰੂ ਕਰਨ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਕੰਮ ਦੇ ਤੌਰ ਤਰੀਕਿਆਂ ਨੂੰ ਸਹੀ ਤਰੀਕੇ ਨਾਲ ਸਮਝਣਾ ਅਜਿਹੇ ਟਕਰਾਵਾਂ ਨੂੰ ਘੱਟ ਕਰਦਾ ਹੈ। ਇਸ ਮੌਕੇ ਸਮੇਂ ਡਾ. ਊਸ਼ਾ ਗੋਇਲ ਜਿਲਾ ਸਿਹਤ ਅਫਸਰ ਅਤੇ ਡਾ. ਸੁਖਜਿੰਦਰ ਸਿੰਘ ਗਿੱਲ ਜਿਲਾ ਪਰਿਵਾਰ ਭਲਾਈ ਅਫਸਰ ਵੀ ਹਾਜਰ ਸਨ। ਇਸ ਮੌਕੇ ਮੀਟਿੰਗ ਵਿੱਚ ਸੂਬਾ ਕਮੇਟੀ ਵਿੱਚ ਸ਼ਾਮਿਲ ਸੂਬਾ ਕਮੇਟੀ ਵਲੋਂ ਡਾ. ਅਰਪਣਦੀਪ ਸਿੰਘ ਬਰਾੜ, ਡਾ. ਸਤਪਾਲ ਸਿੰਘ ਤੋਂ ਇਲਾਵਾ ਜ਼ਿਲਾ ਬਠਿੰਡਾ ਤੋਂ ਡਾ. ਅਰੁਣ ਬਾਂਸਲ, ਡਾ. ਜਗਰੂਪ ਸਿੰਘ, ਡਾ. ਬਿਕਰਮਜੀਤ ਸਿੰਘ, ਡਾ. ਰਵਿੰਦਰ ਆਹਲੂਵਾਲੀਆ ਅਤੇ ਡਾ. ਗਰੀਸ਼ ਤੋਂ ਇਲਾਵਾ ਸਮੂਹ ਡਾਕਟਰ ਤਲਵੰਡੀ ਸਾਬੋ ਡਾ. ਲਵਕੇਸ਼ ਗੁਪਤਾ, ਡਾ. ਹਰਵਿੰਦਰ ਬਖਸ਼ੀ ਤੇ ਹੋਰ ਡਾਕਟਰ ਸ਼ਾਮਿਲ ਸਨ।

### ਸੈਸ਼ਨ ਦੀ ਸਮਾਪਤੀ ਮੌਕੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ

# ਵਿਦਿਆਰਥੀ ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ




**ਤਲਵੰਡੀ ਸਾਬੋ, 25 ਮਈ (ਗੁਰਜੰਟ ਸਿੰਘ ਨਥੇਹਾ)**- ਸੈਸ਼ਨ 2024-25 ਦੀ ਸਮਾਪਤੀ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਤੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਫੈਕਲਟੀ ਆਫ਼ ਫਿਜ਼ੀਕਲ ਐਜੂਕੇਸ਼ਨ ਦੇ ਵਿਦਿਆਰਥੀਆਂ ਵੱਲੋਂ ਸਭਨਾਂ ਦੇ ਉਜੱਵਲ ਭਵਿੱਖ ਲਈ ਡਾ. ਰਾਜ ਕੁਮਾਰ ਸ਼ਰਮਾ, ਡਾਇਰੈਕਟਰ ਸਪੋਰਟਸ ਦੀ ਪ੍ਰੇਰਣਾ ਸਦਕਾ ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ ਗਿਆ। ਵਿਦਿਆਰਥੀਆਂ ਨੇ ਵਾਹਿਗੁਰੂ ਵੱਲੋਂ ਬਖ਼ਸ਼ੀਆਂ ਗਈਆਂ ਖੁਸ਼ੀਆਂ ਤੇ ਪ੍ਰਾਪਤੀਆਂ ਲਈ ਸ਼ੁਕਰਾਨਾ ਅਦਾ ਕੀਤਾ। ਮੁੱਖ ਗ੍ਰੰਥੀ ਭਾਈ ਗੁਰਜੰਟ ਸਿੰਘ ਵੱਲੋਂ ਸਭਨਾਂ ਦੇ ਚੜਦੀ ਕਲਾ ਵਿੱਚ ਰਹਿਣ ਦੀ ਅਰਦਾਸ ਕੀਤੀ ਗਈ। ਇਸ ਮੌਕੇ ਡਾ. ਸ਼ਰਮਾ ਡਾਇਰੈਕਟਰ ਸਪੋਰਟਸ ਨੇ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਆਪਣਾ ਸਮਾਂ ਖੇਡ ਮੈਦਾਨ ਵਿੱਚ ਗੁਜਾਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਤੰਦਰੁਸਤ ਸ਼ਰੀਰ ਵਿੱਚ ਤੰਦਰੁਸਤ ਦਿਮਾਗ ਦਾ ਵਾਸ ਹੁੰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿਣ ਅਤੇ ਇਸ ਨੂੰ ਸੰਭਾਲਣ ਲਈ ਹਰ ਰੋਜ਼ ਲਗਭਗ ਇੱਕ ਘੰਟਾ ਕਸਰਤ ਕਰਨ ਦਾ ਮਸ਼ਵਰਾ ਦਿੱਤਾ। ਡਾ. ਜਸਵਿੰਦਰ ਸਿੰਘ, ਐਸੋਸੀਏਟ ਡੀਨ ਵੱਲੋਂ ਵਿਦਿਆਰਥੀਆਂ ਨੂੰ ਜੀ.ਕੇ.ਯੂ ਵਿਖੇ ਚੱਲ ਰਹੇ ਸਿਹਤ ਸੰਬੰਧੀ ਕੋਰਸਾਂ ਤੇ ਇਸ ਖੇਤਰ ਵਿੱਚ ਰੁਜ਼ਗਾਰ ਦੇ ਮੌਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣਾ ਖੇਡ ਕੌਸ਼ਲ ਨੂੰ ਨਿਖਾਰਨ ਲਈ ਦਿੱਤੀਆਂ ਜਾਂਦੀਆਂ ਸੁਵਿਧਾਵਾਂ ਬਾਰੇ ਵੀ ਚਾਨਣਾ ਪਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

### ਸੱਤਿਆ ਐਲੀਮੈਂਟਰੀ ਸਕੂਲ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਕੱਢੀ ਰੈਲੀ

# ਧੀਆਂ ਨੂੰ ਪੜ੍ਹਾ ਲਿਖਾ ਕੇ ਅੱਗੇ ਵਧਣ ਦੇ ਮੌਕੇ ਦੇਣੇ ਚਾਹੀਦੇ ਹਨ : ਮੈਡਮ ਸੀਮਾ ਰਾਣੀ



**ਜਗਰਾਉਂ, (ਵਰਿਆਮ ਹਠੂਰ)**-ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵੱਲੋਂ ਲੜਕੀਆਂ ਦੀ ਪੜ੍ਹਾਈ ਨੂੰ ਮਹੱਤਵ ਦੇਣ ਲਈ ਹੈੱਡ ਟੀਚਰ ਮੈਡਮ ਸੀਮਾ ਰਾਣੀ ਦੀ ਦੇਖ ਰੇਖ ਹੇਠ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਰੈਲੀ ਕੱਢੀ ਗਈ, ਸਕੂਲ ਸਟਾਫ਼ ਅਤੇ ਬੱਚਿਆਂ ਵੱਲੋਂ ਕਸਬਾ ਹਠੂਰ ਦੀਆਂ ਵੱਖ ਵੱਖ ਥਾਵਾਂ ਤੇ ਜਾ ਕੇ ਧੀਆਂ ਨੂੰ ਪੜ੍ਹਾ ਲਿਖਾ ਕੇ ਅੱਗੇ ਵਧਣ ਲਈ ਜਾਗਰੂਕ ਕੀਤਾ, ਤੇ ਲੜਕੀਆਂ ਦੀ ਪੜ੍ਹਾਈ ਦੇ ਖ਼ਾਸ ਮਹੱਤਵ ਤੇ ਸਕੂਲ ਦੇ ਬੱਚਿਆਂ ਵੱਲੋਂ ਇੱਕ ਨੁੱਕੜ ਨਾਟਕ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਸਮਾਜ ਨੂੰ ਚਾਹੀਦਾ ਹੈ ਕਿ ਉਹ ਧੀਆਂ ਨੂੰ ਪੜ੍ਹਾ ਲਿਖਾ ਕੇ ਕਾਬਲ ਬਣਾਉਣ ਤੇ ਧੀਆਂ ਨੂੰ ਅੱਗੇ ਵਧਣ ਦੇ ਮੌਕੇ ਦੇਣ, ਅਜੋਕੇ ਸਮੇਂ ਵਿੱਚ ਧੀਆਂ ਕਿਸੇ ਵੀ ਖੇਤਰ ਵਿੱਚ ਲੜਕਿਆਂ ਤੋਂ ਪਿੱਛੇ ਨਹੀਂ, ਸਗੋਂ ਲੋੜ ਹੈ ਕਿ ਧੀਆਂ ਨੂੰ ਹੱਲਾਸ਼ੇਰੀ ਦੇ ਕੇ ਤੇ ਉਨ੍ਹਾਂ ਦੀ ਸਪੋਟ ਕਰਕੇ ਉਨ੍ਹਾਂ ਨੂੰ ਪੜ੍ਹਾ ਲਿਖਾ ਕੇ ਅੱਗੇ ਵਧਣ ਦੇ ਮੌਕੇ ਦੇਈਏ, ਤਾਂ ਜੋ ਧੀਆਂ ਤਰੱਕੀਆਂ ਕਰਕੇ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ, ਮੈਡਮ ਸੀਮਾ ਰਾਣੀ ਨੇ ਸਰਕਾਰ ਵੱਲੋਂ ਕੰਨਿਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵੀ ਦੱਸਿਆ ਤੇ ਕਿਹਾ ਕਿ ਸਾਨੂੰ ਸਰਕਾਰ ਦੁਆਰਾ ਲੜਕੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੀ ਲਾਭ ਲੈਣਾ ਚਾਹੀਦਾ ਹੈ। ਅੰਤ ਵਿੱਚ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਵੀ ਧੀਆਂ ਨੂੰ ਖਾਸਕਰ ਤਰਜੀਹ ਦਿੱਤੀ ਜਾਂਦੀ ਹੈ। ਤੇ ਅਸੀਂ ਸਮੇਂ ਸਮੇਂ ਤੇ ਲੋਕਾਂ ਨੂੰ ਜਾਗਰੂਕ ਵੀ ਕਰਦੇ ਰਹਿੰਦੇ ਹਾਂ, ਲੋਕਾਂ ਨੇ ਸੱਤਿਆ ਐਲੀਮੈਂਟਰੀ ਸਕੂਲ ਦੇ ਸਟਾਫ ਵੱਲੋਂ ਪੁੱਟੇ ਗਏ ਕਦਮਾਂ ਦੀ ਸ਼ਲਾਘਾ ਕੀਤੀ, ਇਸ ਮੌਕੇ ਸਕੂਲ ਸਟਾਫ਼ ਅਤੇ ਬੱਚੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV




### ਚੇਅਰਮੈਨ ਰਾਜ ਕੁਮਾਰ ਗੋਇਲ ਮੈਮੋਰੀਅਲ ਟਰੱਸਟ ਵੱਲੋਂ ਮੈਰਿਟ ਸੂਚੀ ਵਿੱਚ ਆਈ ਧੀ ਜਸਲੀਨ ਕੌਰ ਦਾ ਕੀਤਾ ਵਿਸ਼ੇਸ਼ ਸਨਮਾਨ

# ਧੀਆਂ ਨੂੰ ਅੱਗੇ ਵਧਣ ਲਈ ਮੌਕੇ ਦੇਣੇ ਚਾਹੀਦੇ ਹਨ : ਜੀਵਨ ਕੁਮਾਰ ਗੋਲਡੀ






**ਜਗਰਾਉਂ -(ਵਰਿਆਮ ਹਠੂਰ)**ਮਾਰਕਿਟ ਕਮੇਟੀ ਹਠੂਰ ਦੇ ਚੇਅਰਮੈਨ ਰਹਿ ਚੁੱਕੇ ਮਰਹੂਮ ਰਾਜ ਕੁਮਾਰ ਗੋਇਲ ਦੀ ਯਾਦ ਵਿੱਚ ਬਣੇ ਚੇਅਰਮੈਨ ਰਾਜ ਕੁਮਾਰ ਗੋਇਲ ਮੈਮੋਰੀਅਲ ਟਰੱਸਟ ਅਤੇ ਸ਼ਬਦ ਅਦਬ ਸਾਹਿਤ ਸਭਾ ਦੀ ਇਕੱਤਰਤਾ ਪਿੰਡ ਮਾਣੂੰਕੇ ਸੰਧੂ ਵਿਖੇ ਟਰੱਸਟ ਵੱਲੋਂ ਬਣਾਈ ਗਈ ਰਾਜ ਕੁਮਾਰ ਗੋਇਲ ਯਾਦਗਾਰੀ ਲਾਇਬਰੇਰੀ ਵਿਖੇ ਟਰੱਸਟ ਦੇ ਪ੍ਰਧਾਨ ਸ: ਸਾਧੂ ਸਿੰਘ ਸੰਧੂ ਮਾਣੂੰਕੇ ਅਤੇ ਸ਼ਬਦ ਅਦਬ ਸਾਹਿਤ ਸਭਾ ਦੇ ਪ੍ਰਧਾਨ ਬਾਈ ਰਛਪਾਲ ਸਿੰਘ ਜੀ ਚਕਰ ਦੀ ਪ੍ਰਧਾਨਗੀ ਹੇਠ ਹੋਈ, ਮਰਹੂਮ ਰਾਜ ਕੁਮਾਰ ਗੋਇਲ ਦੇ ਬੇਟੇ ਜੀਵਨ ਕੁਮਾਰ ਗੋਲਡੀ ਨੇ ਸਮੂਹ ਮੈਂਬਰਾਂ ਅਤੇ ਹੋਰ ਪੁੱਜੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ, ਇਕੱਤਰਤਾ ਵਿੱਚ ਜ਼ਰੂਰੀ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਟਰੱਸਟ ਦੇ ਮੈਂਬਰ ਦਲਜੀਤ ਸਿੰਘ ਦੀ ਬੇਟੀ ਜਸਲੀਨ ਕੌਰ ਭੰਗਰੇ ਜ਼ੋ ਦਸਵੀਂ ਕਲਾਸ ਦੀ ਹੋਈ ਪ੍ਰਿਖਿਆ ਵਿੱਚੋਂ ਮੈਰਿਟ ਸੂਚੀ ਵਿੱਚ ਪੰਜਾਬ ਚੋਂ 19 ਵੇਂ ਸਥਾਨ ਤੇ ਅਤੇ ਸ਼ਹਿਰ ਜਗਰਾਉਂ ਵਿੱਚੋਂ ਦੂਜੇ ਸਥਾਨ ਤੇ ਰਹਿ ਕੇ ਜਿਸ ਨੇ ਆਪਣਾ ਅਤੇ ਆਪਣੇ ਮਾਪਿਆਂ ਦੇ ਨਾਲ-ਨਾਲ ਭਾਈ ਦਾਨ ਸਿੰਘ ਪਬਲਿਕ ਸਕੂਲ ਮਾਣੂੰਕੇ ਅਤੇ ਇਲਾਕੇ ਦਾ ਵੀ ਨਾਮ ਰੌਸ਼ਨ ਕੀਤਾ ਹੈ। ਮਾਣੂੰਕੇ ਪਿੰਡ ਦੀ ਮਾਣਮੱਤੀ ਧੀ ਜਸਲੀਨ ਕੌਰ ਭੰਗਰੇ ਦਾ ਚੇਅਰਮੈਨ ਰਾਜ ਕੁਮਾਰ ਗੋਇਲ ਮੈਮੋਰੀਅਲ ਟਰੱਸਟ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਮੁਬਾਰਕਾਂ ਦਿੰਦਿਆਂ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਤੇ ਅੱਗੇ ਵਧਣ ਲਈ ਥਾਪੜਾ ਦਿੱਤਾ, ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਸ: ਹਰਚਰਨ ਸਿੰਘ ਸੰਧੂ, ਫਿਲਮ ਡਾਇਰੈਕਟਰ ਜਸਵਿੰਦਰ ਸਿੰਘ ਛਿੰਦਾ ਜੀਵਨ ਕੁਮਾਰ ਗੋਲਡੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿੰਡ ਮਾਣੂੰਕੇ ਦੀ ਧੀ ਜਸਲੀਨ ਕੌਰ ਭੰਗਰੇ ਨੇ ਮੈਰਿਟ ਸੂਚੀ ਵਿੱਚ 19ਵੇਂ ਸਥਾਨ ਤੇ ਅਤੇ ਸ਼ਹਿਰ ਜਗਰਾਉਂ ਵਿੱਚੋਂ ਦੂਜੇ ਸਥਾਨ ਤੇ ਆ ਕੇ ਆਪਣਾ ਅਤੇ ਆਪਣੇ ਮਾਪਿਆਂ ਦੇ ਨਾਲ- ਨਾਲ ਸਮੁੱਚੇ ਹਲਕੇ ਦਾ ਨਾਮ ਰੌਸ਼ਨ ਕੀਤਾ ਹੈ। ਸਾਨੂੰ ਧੀ ਜਸਲੀਨ ਕੌਰ ਤੇ ਬਹੁਤ ਮਾਣ ਹੈ। ਤੇ ਉਮੀਦ ਕਰਦੇ ਹਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਚੰਗੀ ਮਿਹਨਤ ਕਰਕੇ ਅੱਗੇ ਵਧੇਗੀ, ਅੰਤ ਵਿੱਚ ਜੀਵਨ ਕੁਮਾਰ ਗੋਲਡੀ ਨੇ ਜਸਲੀਨ ਕੌਰ ਭੰਗਰੇ ਨੂੰ ਫਿਰ ਤੋਂ ਮੁਬਾਰਕਬਾਦ ਦਿੰਦਿਆਂ ਕਿਹਾ ਕਿਹਾ ਕਿ ਅਜੋਕੇ ਸਮੇਂ ਵਿੱਚ ਧੀਆਂ ਪੁੱਤਰਾਂ ਨਾਲੋਂ ਅੱਗੇ ਹਨ। ਇਸ ਲਈ ਸਮਾਜ ਨੂੰ ਚਾਹੀਦਾ ਹੈ ਕਿ ਉਹ ਧੀਆਂ ਨੂੰ ਅੱਗੇ ਵਧਣ ਲਈ ਮੌਕੇ ਦੇਵੇ ਤਾਂ ਜ਼ੋ ਧੀਆਂ ਵਿੱਦਿਆ ਦੇ ਖੇਤਰ ਵਿੱਚ ਅਤੇ ਖੇਡਾਂ ਦੇ ਖੇਤਰ ਵਿੱਚ ਤਰੱਕੀਆਂ ਕਰਕੇ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ, ਜਸਲੀਨ ਕੌਰ ਭੰਗਰੇ ਨੇ ਸਮੂਹ ਟਰੱਸਟ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਸਨਮਾਨ ਦੇਣ ਲਈ ਧੰਨਵਾਦ ਕੀਤਾ, ਤੇ ਕਿਹਾ ਕਿ ਇੱਥੇ ਤੱਕ ਆਉਣ ਲਈ ਜਿੱਥੇ ਮੇਰੀ ਮਿਹਨਤ ਹੈ। ਉੱਥੇ ਸਕੂਲ ਸਟਾਫ਼ ਦੀ ਮਿਹਨਤ ਅਤੇ ਮੇਰੇ ਮਾਪਿਆਂ ਦੇ ਦਿੱਤੇ ਹੌਂਸਲੇ ਦਾ ਨਤੀਜਾ ਹੈ। ਤੇ ਹੋਰਨਾਂ ਬੱਚਿਆਂ ਨੂੰ ਵੀ ਚੰਗੀ ਮਿਹਨਤ ਕਰਕੇ ਅੱਗੇ ਵਧਣਾ ਚਾਹੀਦਾ ਹੈ। ਇਸ ਮੌਕੇ ਟਰੱਸਟ ਮੈਂਬਰਾਂ ਅਤੇ ਪੁੱਜੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਸਾਬਕਾ ਸਰਪੰਚ ਸਾਧੂ ਸਿੰਘ ਸੰਧੂ ਨੂੰ ਪੋਤਰੇ ਦੇ ਜਨਮ ਦਿਨ ਦੀਆਂ ਵਧਾਈਆਂ ਵੀ ਦਿੱਤੀਆਂ, ਟੀ ਪਾਰਟੀ ਦਾ ਅਨੰਦ ਮਾਣਿਆ, ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਸਾਬਕਾ ਸਰਪੰਚ ਪ੍ਰਧਾਨ ਸਾਧੂ ਸਿੰਘ ਸੰਧੂ ਮਾਣੂੰਕੇ, ਪ੍ਰਧਾਨ ਬਾਈ ਰਛਪਾਲ ਸਿੰਘ ਚਕਰ, ਜੀਵਨ ਕੁਮਾਰ ਗੋਲਡੀ, ਫਿਲਮ ਡਾਇਰੈਕਟਰ ਜਸਵਿੰਦਰ ਸਿੰਘ ਛਿੰਦਾ, ਹਰਚਰਨ ਸਿੰਘ ਸੰਧੂ, ਦਲਜੀਤ ਸਿੰਘ, ਦੁਪਿੰਦਰਪਾਲ ਸਿੰਘ, ਸਤਿਨਾਮ ਸਿੰਘ ਸੱਤੀ ਮਾਣੂੰਕੇ, ਲਖਵੀਰ ਸਿੰਘ ਲੱਖੀ, ਪੰਮਾ ਮਾਣੂੰਕੇ, ਬਲਜੀਤ ਸਿੰਘ, ਇੰਦਰਜੀਤ ਸਿੰਘ, ਲਾਲੀ ਸਿੰਘ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡਾਂ ਵਿੱਚ ਮੀਟਿੰਗਾਂ ਜ਼ੋਰਾਂ ’ਤੇ ਪਿੰਡ ਦੁੱਗਾਂ, ਕੁਨਰਾਂ ਤੇ ਉਭਾਵਾਲ ਦੇ ਵਸਨੀਕਾਂ ਨੇ ਨਸ਼ਿਆਂ ਖ਼ਿਲਾਫ਼ ਇਕਜੁਟਤਾ ਦਿਖਾਈ

**ਸੁਨਾਮ ( ਰਣਜੀਤ ਸਿੰਘ ਪੇਧਨੀ )**-ਨਸ਼ਿਆਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਿਆਂ ਦਾ ਖਾਤਮਾ ਹੋ ਰਿਹਾ ਹੈ ਤੇ ਹੁਣ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਜਿਹੜੀ ਕਿ ਪਿੰਡਾਂ ਤੇ ਵਾਰਡਾਂ ਦੀਆਂ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੇ ਰੂਪ ਵਿੱਚ ਚਲਾਈ ਜਾ ਰਹੀ ਹੈ, ਤਹਿਤ ਹਰੇਕ ਪਿੰਡ ਤੇ ਵਾਰਡ ਵਿੱਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀ ਹਨ ਅਤੇ ਲੋਕਾਂ ਨੂੰ ਨਸ਼ਾ ਮੁਕਤੀ ਦਾ ਪ੍ਰਣ ਵੀ ਦਿਵਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਪਿੰਡ ਦੁੱਗਾਂ, ਕੁਨਰਾਂ ਤੇ ਉਭਾਵਾਲ ਵਿਖੇ ਕੀਤੀਆਂ ਮੀਟਿੰਗਾਂ ਦੌਰਾਨ ਇਹਨਾਂ ਪਿੰਡਾਂ ਦੇ ਵਸਨੀਕਾਂ ਨੇ ਨਸ਼ਿਆਂ ਖ਼ਿਲਾਫ਼ ਇਕਜੁਟਤਾ ਦਿਖਾਈ ਅਤੇ ਨਸ਼ਿਆਂ ਦੇ ਖਾਤਮੇ ਦਾ ਪ੍ਰਣ ਲਿਆ। ਇਹ ਜਾਣਕਾਰੀ ਸਾਂਝੀ ਕਰਦਿਆਂ ਬੀ.ਡੀ.ਪੀ.ਓ. ਸ. ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਸਖਤ ਫੈਸਲਿਆਂ ਸਦਕਾ ਹੁਣ ਪੰਜਾਬ ਦੀ ਧਰਤੀ ਨੂੰ ਨਸ਼ਿਆਂ ਦੇ ਬਹੁਤੇ ਵਪਾਰੀ ਛੱਡ ਕੇ ਚਲੇ ਗਏ ਹਨ ਅਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਨੌਜਵਾਨ ਵੀ ਸਵੈ ਇੱਛਾ ਨਾਲ ਨਸ਼ਿਆਂ ਦਾ ਤਿਆਗ ਕਰ ਰਹੇ ਹਨ। ਬੀ.ਡੀ.ਪੀ.ਓ. ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਤਰਜੀਹ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਿਥੇ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਸਖਤ ਕਾਰਵਾਈ ਕਰ ਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ ’ਤੇ ਖਾਤਮਾ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਹਨਾਂ ਨੂੰ ਮੁੜ ਤੋਂ ਆਪਣੇ ਪੈਰਾਂ ’ਤੇ ਖੜ੍ਹੇ ਵੀ ਕਰ ਰਹੀ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ। ਇਸ ਮੌਕੇ ’ਤੇ ਉਨ੍ਹਾਂ ਨੇ ਪਿੰਡ ਵਾਸੀਆਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਮੌਕੇ ਸੰਜੀਵ ਕੁਮਾਰ ਪੀ.ਏ., ਅਮਰੀਕ ਸਿੰਘ ਇੰਚਾਰਜ, ਤਹਿਸੀਲਦਾਰ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਸਰਪੰਚ, ਦਲਵੀਰ ਸਿੰਘ ਸਰਪੰਚ ਦੁੱਗਾਂ, ਮੋਤਾ ਸਿੰਘ ਸਰਪੰਚ ਉਭਾਵਾਲ, ਵਿੱਕੀ ਸਿੰਘ ਸਰਪੰਚ ਕੁਨਰਾਂ, ਗੁਰਚਰਨ ਸਿੰਘ ਦੁੱਗਾਂ, ਮਿੱਠੂ ਸਿੰਘ ਦੁੱਗਾਂ, ਕੁਲਦੀਪ ਸਿੰਘ ਦੁੱਗਾਂ, ਸੰਦੀਪ ਸਿੰਘ ਦੁੱਗਾਂ, ਅਵਤਾਰ ਸਿੰਘ ਉਭਾਵਾਲ, ਮਲੂਕ ਸਿੰਘ ਕੁਨਰਾਂ, ਬਲਵਿੰਦਰ ਸਿੰਘ ਲੌਂਗੋਵਾਲ, ਮਨਿੰਦਰ ਸਿੰਘ ਸਰਪੰਚ, ਮਨੀ ਸਾਰੋਂ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।



## ਪਿੰਡ ਮਲਕਾਣਾ ਦੀ ਮੌਜੂਦਾ ਪੰਚਾਇਤ ਨੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਦਾ ਫੜਿਆ ਪੱਲਾ

# ਹਰ ਵਰਕਰ ਅਤੇ ਪੰਚਾਇਤ ਦਾ ਕੀਤਾ ਜਾਵੇਗਾ ਸਤਿਕਾਰ- ਪ੍ਰੋ. ਬਲਜਿੰਦਰ ਕੌਰ





**ਤਲਵੰਡੀ ਸਾਬੋ, 25 ਮਈ(ਗੁਰਜੰਟ ਸਿੰਘ ਨਥੇਹਾ)**- ਹਲਕਾ ਤਲਵੰਡੀ ਸਾਬੋ ਦੇ ਪਿੰਡ ਮਲਕਾਣਾ ਦੀ ਮੌਜੂਦਾ ਪੰਚਾਇਤ ਅੱਜ ਚੀਫ਼ ਵਿਪ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਆਮ ਆਦਮੀ ਪਾਰਟੀ ਵਿੱਚ ਹੋਈ ਸ਼ਾਮਿਲ। ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਮਲਕਾਣਾ ਦੀ ਪੰਚਾਇਤ ਦਾ ਆਮ ਆਦਮੀ ਪਾਰਟੀ ਪਰਿਵਾਰ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਇਸ ਮੌਕੇ 'ਤੇ ਜਨਤਾ ਨੂੰ ਸੰਬੋਧਨ ਕਰਦਿਆਂ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਹਰ ਵਿਅਕਤੀ ਦਾ ਸਵਾਗਤ ਹੈ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਨੂੰ ਪੰਚਾਇਤ ਵੱਲੋਂ ਪੂਰਾ ਸਤਿਕਾਰ ਦਿੱਤਾ ਜਾਵੇਗਾ। ਵਿਧਾਇਕਾ ਨੇ ਕਿਹਾ ਕਿ ਬਹੁਤ ਖੁਸ਼ੀ ਦੀ ਗੱਲ ਹੈ ਕਿ ਪਿੰਡ ਮਲਕਾਣਾ ਦੀ ਮੌਜੂਦਾ ਪੰਚਾਇਤ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ "ਆਮ ਆਦਮੀ ਪਾਰਟੀ" ਵਿੱਚ ਸ਼ਾਮਲ ਹੋ ਗਈ ਹੈ, ਜਿਸ ਵਿੱਚ ਸਰਪੰਚ ਰਾਮਪਾਲ ਸਿੰਘ ਸਿੱਧੂ, ਪੰਚਾਇਤ ਮੈਂਬਰ ਭਲਵਿੰਦਰ ਕੌਰ, ਮੈਂਬਰ ਜਗਸੀਰ ਸਿੰਘ, ਮੈਂਬਰ ਮਨਪ੍ਰੀਤ ਕੌਰ, ਮੈਂਬਰ ਕੁਲਦੀਪ ਕੌਰ, ਮੈਂਬਰ ਹਰਪਾਲ ਕੌਰ, ਮੈਂਬਰ ਸੰਦੀਪ ਸਿੰਘ, ਮੈਂਬਰ ਜਸਪ੍ਰੀਤ ਕੌਰ, ਮੈਂਬਰ ਕੁਲਦੀਪ ਸਿੰਘ, ਮੈਂਬਰ ਸੁਖਪ੍ਰੀਤ ਸਿੰਘ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਪੂਰੇ ਪੰਜਾਬ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਪਾਰਟੀ ਦੀ ਪ੍ਰਸਿੱਧੀ ਨੂੰ ਦੇਖਦੇ ਹੋਏ ਪੰਚਾਇਤਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਰਕਰ ਨੂੰ ਪੂਰਾ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਨੇਹੀ ਸਿੰਘ ਡੀ.ਐਸ.ਪੀ ਤਲਵੰਡੀ ਸਾਬੋ, ਗੁਰਪ੍ਰੀਤ ਕੌਰ ਚੇਅਰਮੈਨ ਮਾਰਕੀਟ ਕਮੇਟੀ ਰਾਮਾਂ, ਜਸਵਿੰਦਰ ਕੌਰ ਸਰਪੰਚ ਜਗਾ ਰਾਮ ਤੀਰਥ ਤੋਂ ਇਲਾਵਾ ਵੱਡੀ ਗਿਣਤੀ ਦੇ ਵਿੱਚ ਲੋਕ ਹਾਜ਼ਰ ਸਨ।

## ਗੋਲਗੱਪੇ ਦੀ ਰੇਹੜੀ ਲਗਾਉਣ ਵਾਲੇ ਨੂੰ

# ਸਵਾ ਦੋ ਲੱਖ ਨਿਕਲੀ ਲਾਟਰੀ, ਮਿੰਟਾਂ 'ਚ ਹੋਇਆ ਲੱਖਪਤੀ





**ਤਲਵੰਡੀ ਸਾਬੋ, 25 ਮਈ (ਗੁਰਜੰਟ ਸਿੰਘ ਨਥੇਹਾ)**- ਕਹਿੰਦੇ ਜਦੋਂ ਉੱਪਰ ਵਾਲਾ ਦਿੰਦਾ ਹੈ ਤਾਂ ਛਪਰ ਪਾੜ ਕੇ ਦਿੰਦਾ ਹੈ ਤਾਂ ਰਾਤੋ ਰਾਤ ਹੀ ਲੋਕਾਂ ਦੀ ਕਿਸਮਤ ਚਮਕ ਜਾਂਦੀ ਹੈ।ਐਸੀ ਹੀ ਕਹਾਣੀ ਸਾਮ੍ਹਣੇ ਆਈ ਹੈ, ਇੱਕ ਗੋਲਗੱਪੇ ਦੀ ਰੇਹੜੀ ਲਗਾਉਣ ਵਾਲੇ ਵਿਅਕਤੀ ਦੀ ਜਿਹੜਾ ਤਲਵੰਡੀ ਸਾਬੋ ਵਿਖੇ ਇਤਿਹਾਸਿਕ ਸਥਾਨਾਂ ਤੇ ਦਰਸ਼ਨ ਕਰਨ ਲਈ ਆਇਆ ਸੀ।ਉਸਨੇ ਜਾਂਦੇ ਸਮੇਂ ਤਲਵੰਡੀ ਸਾਬੋ ਦੇ ਬੱਸ ਸਟੈਂਡ ਵਿਚ ਸਰਕਾਰੀ ਲਾਟਰੀ ਸਟਾਲ ਤੇ ਇੱਕ ਟਿਕਟ ਖਰੀਦੀ ਤਾਂ ਉਸਨੂੰ ਅਗਲੇ ਦਿਨ ਹੀ ਸਵਾ ਦੀ ਲੱਖ ਦੀ ਲਾਟਰੀ ਨਿਕਲ ਆਈ। ਜੀਹਨੇ ਕਦੇ ਐਨੀ ਵੱਡੀ ਰਕਮ ਦੇ ਕਦੇ ਦਰਸ਼ਨ ਨਹੀਂ ਕੀਤੇ ਸਨ ਅੱਜ ਉਹ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਕੇ ਲੱਖਪਤੀ ਬਣ ਗਿਆ ਅਤੇ ਉਪਰ ਵਾਲੇ ਦਾ ਧੰਨਵਾਦ ਕਰਦਾ ਫੁੱਲੇ ਨਹੀਂ ਸਮਾਅ ਰਿਹਾ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਰਕਾਰੀ ਲਾਟਰੀ ਸਟਾਲ ਚਲਾ ਰਹੇ ਗਿਆਨ ਜਿੰਦਲ ਨੇ ਦੱਸਿਆ ਕਿ ਬੇਸ਼ਕ ਇਹ ਸਟਾਲ ਸ਼ੁਰੂ ਕਰਨ ਨੂੰ ਚਾਰ ਕੁ ਦਿਨ ਹੋਏ ਪ੍ਰੰਤੂ ਚਾਰ ਦਿਨਾਂ ਦੇ ਵਿੱਚ ਹੀ ਦੋ ਵਿਅਕਤੀ ਟਿਕਟਾਂ ਖਰੀਦ ਕੇ ਲੱਖਪਤੀ ਬਣ ਗਏ ਹਨ। ਉਹਨਾਂ ਦੱਸਿਆ ਕਿ ਇੱਕ ਵਿਅਕਤੀ ਫਰੀਦਕੋਟ ਤੋਂ ਜਿਹੜਾ ਕਿ ਗੋਲ ਗੱਪਿਆਂ ਦੀ ਰੇਹੜੀ ਲਗਾ ਰਿਹਾ ਹੈ ਉਹ ਦਮਦਮਾ ਸਾਹਿਬ ਗੁਰਧਾਮਾਂ ਦੇ ਦਰਸ਼ਨਾਂ ਲਈ ਆਇਆ ਸੀ ਜਾਣ ਵੇਲੇ ਸਟਾਲ ਪਹੁੰਚਿਆ ਤੇ ਟਿਕਟ ਖਰੀਦ ਲਈ।ਐਸੀ ਕਿਸਮਤ ਜਾਗੀ ਕਿ ਲਾਟਰੀ ਦਾ ਨਤੀਜਾ ਆਉਣ ਸਾਰ ਇੱਕ ਗਰੀਬ ਵਿਅਕਤੀ ਲੱਖਪਤੀ ਬਣ ਗਿਆ ਏਥੇ ਹੀ ਬੱਸ ਨਹੀਂ ਉਸੇ ਦਿਨ ਅੱਧੇ ਘੰਟੇ ਦੇ ਵਕਫੇ ਬਾਅਦ ਇੱਕ ਹੋਰ ਵਿਅਕਤੀ ਨੂੰ ਇੱਕ ਲੱਖ ਰੁਪਏ ਦੀ ਲਾਟਰੀ ਨਿਕਲ ਗਈ। ਉਹਨਾਂ ਦੱਸਿਆ ਕਿ ਉਕਤ ਦੋਵਾਂ ਵਿਅਕਤੀਆਂ ਨੂੰ ਬਣਦੀ ਰਕਮ ਦੇ ਦਿੱਤੀ ਗਈ ਹੈ। ਗੋਲ ਗੱਪਿਆਂ ਦੀ ਰੇਹੜੀ ਲਾਉਣ ਵਾਲੇ ਵਿਅਕਤੀ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਹਨਾਂ ਜਿੱਥੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਉਥੇ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣਾ ਤੇ ਟਿਕਟ ਖਰੀਦਣੀ ਇੱਕ ਰੱਬੀ ਰਹਿਮਤ ਦੱਸਿਆ। ਲਾਟਰੀ ਟਿਕਟ ਵਿਕਰੇਤਾ ਗਿਆਨ ਜਿੰਦਲ ਨੇ ਦਰਸ਼ਨਾਂ ਲਈ ਆਉਂਦੀਆਂ ਸੰਗਤਾਂ ਜਾਂ ਇਲਾਕਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਸਟਾਲ 'ਤੇ ਸਾਰੀਆਂ ਟਿਕਟਾਂ ਸਰਕਾਰੀ ਲਾਟਰੀ ਦੀਆਂ ਹਨ ਕੁਝ ਪੈਸਾ ਖਰਚ ਕਰਕੇ ਤੁਸੀਂ ਮਾਲਾਮਾਲ ਬਣ ਸਕਦੇ ਹੋ।

**ਤਲਵੰਡੀ ਸਾਬੋ ਇਤਿਹਾਸਿਕ ਜਗ੍ਹਾ ਦੇ ਦਰਸ਼ਨ ਕਰਨ ਲਈ ਆਇਆ ਸੀ ਗੋਲਗੱਪੇ ਵੇਚਣ ਵਾਲਾ**

# ਮਾਨ ਸਰਕਾਰ ਵੱਲੋਂ ਚਲਾਈ ਨਸਾਂ ਮੁਕਤੀ ਯਾਤਰਾ ਨੂੰ ਮਿਲ ਰਿਹਾ ਭਰਮਾ ਹੁੰਗਾਰਾ-ਚੇਅਰਮੈਨ ਘੁੱਲੀ

## ਸਰਪੰਚ ਰਾਜ ਸਿੰਘ ਮਾਨਵਾਲਾ ਦੀ ਅਗਵਾਈ ਹੇਠ ਹੋਈ ਨਸ਼ਿਆਂ ਵਿਰੁੱਧ ਜਾਗਰੂਕਤਾ ਮੀਟਿੰਗ




ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਗਈ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਨਸਾ ਮੁਕਤੀ ਯਾਤਰਾ ਪਿੰਡ ਮਾਨਵਾਲਾ ਵਿਖੇ ਸਰਪੰਚ ਰਾਜ ਸਿੰਘ ਮਾਨਵਾਲਾ ਦੀ ਅਗਵਾਈ ਵਿੱਚ ਜਾਗਰੂਕਤਾ ਕੈਪ ਲਗਾਇਆ ਗਿਆ। ਜਿਸ ਵਿੱਚ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਵਿਸੇਸ ਤੌਰ 'ਤੇ ਸਾਮਿਲ ਹੋਏ । ਉਨ੍ਹਾਂ ਨਸ਼ਆ ਵਿਰੁੱਧ ਰੱਖੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪ੍ਰਣ ਕਰ ਕੇ ਅਤੇ ਹਰ ਹੀਲੇ ਉਸ ਪ੍ਰਣ ਨੂੰ ਨਿਭਾਉਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਹਰ ਇੱਕ ਪਿੰਡ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਕਾਰਜਸ਼ੀਲ ਹਨ ਅਤੇ ਪੂਰੀ ਉਮੀਦ ਹੈ ਕਿ ਇਹ ਡਿਫੈਂਸ ਕਮੇਟੀਆਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ 'ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ। ਉਨ੍ਹਾਂ ਕਿਹਾ ਕਿ ਜਾਗਰੂਕਤਾ ਮੀਟਿੰਗਾਂ ਵਿੱਚ ਪਹੁੰਚਣ ਵਾਲੇ ਲੋਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਥੋਂ ਮਿਲਣ ਵਾਲੇ ਸੁਨੇਹੇ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ, ਗੁਆਂਢੀਆਂ ਅਤੇ ਹੋਰ ਪਤਵੰਤਿਆਂ ਨਾਲ ਨਿਰੰਤਰ ਸਾਂਝਾ ਕਰਦੇ ਰਹਿਣ ਕਿਉਂਕਿ ਲੋਕ ਲਹਿਰ ਬਣਨ ਨਾਲ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਸੰਭਵ ਹੁੰਦਾ ਹੈ। ਇਹ ਮੁਹਿੰਮ ਜ਼ਰੂਰ ਹੀ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰੇਗੀ। ਇਸ ਮੌਕੇ ਦਮਨਵੀਰ ਸਿੰਘ ਡੀਐਸਪੀ ਧੂਰੀ, ਜਸਵੀਰ ਸਿੰਘ ਤੂਰ ਐਸ,ਐਚ,ਓ ਸਿਟੀ ਧੂਰੀ, ਰਛਪਾਲ ਸਿੰਘ ਹਲਕਾ ਕੋਆਰਡੀਨੇਟਰ ਨਸਾ ਮੁਕਤੀ ਯਾਤਰਾ, ਬੀਡੀਪੀਓ ਜਸਵਿੰਦਰ ਸਿੰਘ ਬੱਗਾ, ਹਰਪ੍ਰੀਤ ਸਿੰਘ ਮੀਮਸਾ ,ਤਰਸੇਮ ਸਿੰਘ ਬੀਈਓ, ਡਾ,ਅਸ਼ੋਕ ਕੁਮਾਰ,ਤਰਸੇਮ ਕਲਸੀ, ਆਪ ਆਗੂ ਗੁਰਚਰਨ ਸਿੰਘ ਕਾਲਾ, ਆਪ ਆਗੂ ਕੁਲਵਿੰਦਰ ਸਿੰਘ , ਮਿਨਾਕਸੀ , ਪਰਮਵੀਰ ਸ਼ਰਮਾ, ਜਸਪ੍ਰੀਤ ਕੌਰ, ਭਿੰਦਾ ਵਿਰਕ ਹਾਜ਼ਰ ਸਨ ਅਤੇ ਸਟੇਜ ਦੀ ਕਾਰਵਾਈ ਸਰਪੰਚ ਦਵਿੰਦਰ ਸਿੰਘ ਧੂਰਾ ਨੇ ਨਿਭਾਈ।

# ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਪ੍ਰੋਗਰਾਮ ਲਈ ਕਮੇਟੀਆਂ ਗਠਿਤ



**ਫ਼ਿਰੋਜ਼ਪੁਰ, 25 ਮਈ (ਮਨੋਹਰ ਲਾਲ)** :—ਇਕ ਜੂਨ ਨੂੰ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਪ੍ਰੋਗਰਾਮ ਅਤੇ ਬੱਚਿਆਂ ਦੇ ਧਾਰਮਿਕ ਇਮਤਿਹਾਨ ਲਈ ਵੱਖ—ਵੱਖ ਕਮੇਟੀਆਂ ਦਾ ਗਠਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੁਸਾਇਟੀ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਧਾਰਮਿਕ ਪ੍ਰੋਗਰਾਮ ਲਈ ਸਵਾਗਤ ਕਮੇਟੀ ਵਿੱਚ ਬਲਕਾਰ ਸਿੰਘ ਖਾਲਸਾ, ਹਰਦੀਪ ਸਿੰਘ ਸਰਪੰਚ, ਗੁਰਮੀਤ ਸਿੰਘ ਹਸਤੀ ਵਾਲਾ ਹੋਣਗੇ, ਜਦੋਂ ਕਿ ਧਾਰਮਿਕ ਮੁਕਾਬਲਿਆਂ ਦੇ ਲਈ ਜਰਨੈਲ ਸਿੰਘ ਗਾਬੜੀਆ ਇੰਚਾਰਜ ਹੋਣਗੇ, ਠੰਡੇ ਮਿੱਠੇ ਪਾਣੀ ਦੀ ਛਬੀਲ ਵਰਤਾਉਣ ਦੀ ਸੇਵਾ ਬਾਬਾ ਰਾਮ ਲਾਲ ਨਗਰ ਦੇ ਨੌਜਵਾਨਾਂ ਵੱਲੋਂ ਕੀਤੀ ਜਾਵੇਗੀ ਜਿਹੜੀ ਕਿ ਸਾਰਾ ਦਿਨ ਚਲਦੀ ਰਹੇਗੀ। ਉਨ੍ਹਾਂ ਦੱਸਿਆ ਕਿ ਲੰਗਰ ਦੇ ਇੰਚਾਰਜ ਹਰਜੀਤ ਸਿੰਘ ਧਾਲੀਵਾਲ, ਬਲਕਾਰ ਸਿੰਘ ਖਾਲਸਾ ਤੇ ਇੰਦਰਪਾਲ ਸਿੰਘ ਪਰਿਸ ਹੋਣਗੇ। ਗੱਲਬਾਤ ਕਰਦਿਆਂ ਜਗਜੀਤ ਸਿੰਘ ਭੁੱਲਰ, ਰਜੇਸ਼ ਕੁਮਾਰ, ਦਰਸ਼ਨ ਲਾਲ ਹੀਰਾ, ਬਲਜਿੰਦਰ ਸਿੰਘ ਬੱਬੂ ਹੁਸੈਨੀ ਵਾਲਾ ਪ੍ਰੋਗਰਾਮ ਦੀ ਦੇਖ—ਰੇਖ ਕਰਨਗੇ। ਸਟੇਜ ਸਕੱਤਰ ਦੀ ਸੇਵਾ ਗੁਰਦਿਆਲ ਸਿੰਘ ਵਿਰਕ ਵੱਲੋਂ ਹੋਵੇਗੀ। ਉਨ੍ਹਾਂ ਦੱਸਿਆ ਕਿ ਨਿਗਰਾਣ ਕਮੇਟੀ ਦੀ ਅਗਵਾਈ ਜੇ.ਪੀ ਸਿੰਘ ਪਨੇਸਰ ਕਰਨਗੇ। ਇਸ ਪ੍ਰੋਗਰਾਮ ਲਈ ਚਾਰ ਤੋਂ 12 ਸਾਲ ਦੇ ਬੱਚਿਆਂ ਨੂੰ ਪ੍ਰੋਗਰਾਮ ਵਿੱਚ ਭੇਜਣ ਲਈ ਵੱਖ—ਵੱਖ ਸਕੂਲਾਂ ਵਿੱਚ ਜਾ ਕੇ ਪ੍ਰਿੰਸੀਪਲ ਸਾਹਿਬਾਨ ਨੂੰ ਬੇਨਤੀ ਕੀਤੀ ਜਾਵੇਗੀ। ਇਸ ਮੌਕੇ ਸੰਤ ਮਹਾਂਪੁਰਸ਼ਾਂ ਨੂੰ ਵੀ ਸੱਦਾ ਪੱਤਰ ਦਿੱਤਾ ਜਾਵੇਗਾ ਇਸ ਮੌਕੇ ਜਰਨੈਲ ਸਿੰਘ ਗਾਬੜੀਆ ਨੇ ਆਖਿਆ ਕਿ ਅਸੀਂ ਭਾਈ ਮਰਦਾਨਾ ਸੁਸਾਇਟੀ ਨਾਲ ਰਲ ਮਿਲ ਕੇ ਚਲਾਂਗੇ ਅਸੀਂ ਜਾਮਨੀ ਸਾਹਿਬ ਗੁਰਦੁਆਰਾ ਵਜੀਰਪੁਰ ਜਾ ਕੇ ਵੀ ਮੈਨੇਜਰ ਸਾਹਿਬ ਨੂੰ ਬੇਨਤੀ ਕੀਤੀ ਜਾਵੇਗੀ ਕਿ ਪ੍ਰੋਗਰਾਮ ਲਈ ਦੋ ਤਿੰਨ ਪ੍ਰਚਾਰਕ ਜਿਹੜੇ ਕਿ ਬੱਚਿਆਂ ਦਾ ਇਮਤਿਹਾਨ ਸੁਚੱਜੇ ਤਰੀਕੇ ਨਾਲ ਲੈ ਸਕਣ ਉਨ੍ਹਾਂ ਨੂੰ ਪ੍ਰੋਗਰਾਮ ਵਿੱਚ ਭੇਜਿਆ ਜਾਵੇ। ਸਮੂਹ ਸਾਧ ਸੰਗਤ ਨੂੰ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਚਾਰ ਤੋਂ 12 ਸਾਲ ਦੇ ਬੱਚਿਆਂ ਨੂੰ ਇਕ ਜੂਨ ਦਿਨ ਐਤਵਾਰ ਸਵੇਰੇ 10 ਵਜੇ ਤੋਂ ਲੈ ਕੇ 2 ਵਜੇ ਤੱਕ ਪ੍ਰੋਗਰਾਮ ਹੋਵੇਗਾ ਉਸ ਵਿੱਚ ਭੇਜਣ ਦੀ ਕਿਰਪਾਲਤਾ ਕਰਨੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਉਪਰੰਤ ਵੀ ਇਕ—ਦੋ ਮਹੀਨੇ ਅਜਿਹੇ ਸਮਾਗਮ ਕਰਵਾਏ ਜਾਂਦੇ ਰਹਿਣਗੇ ਤਾਂ ਜੋ ਸੰਗਤਾਂ ਅਤੇ ਨੌਜਵਾਨਾਂ ਵਿਚ ਉਤਸ਼ਾਹ ਭਰਿਆ ਜਾ ਸਕੇ।

ਜੂਨ 84 ਦੇ ਸ਼ਹੀਦਾਂ ਦੀ ਯਾਦ 'ਚ

# ਖੱਬੇਰਾਜਪੂਤਾਂ ਵਿਖੇ ਸਜਾਏ ਸ਼ਹੀਦੀ ਦੀਵਾਨ

## ਸਾਧ ਸੰਗਤ ਵਿੱਚ ਹਾਜਰੀ ਭਰਨ ਵਾਲੇ ਮਨੁੱਖਾਂ ਦੇ ਰੋਗ ਕੱਟ ਜਾਂਦੇ ਹਨ : ਬਾਬਾ ਹਰਨਾਮ ਸਿੰਘ










ਚੌਕ ਮਹਿਤਾ, 25 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)-ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਵੱਲੋਂ ਜੂਨ 84 ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ਵਿੱਚ 1 ਮਈ ਤੋਂ ਜਿਲਾ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਦੇ ਵੱਖ ਵੱਖ ਨਗਰਾਂ ਵਿਚ ਲਗਾਤਾਰ ਸ਼ਹੀਦੀ ਦੀਵਾਨ ਸਜਾਏ ਜਾ ਰਹੇ ਹਨ। ਜਿਸ ਦੇ ਚਲਦਿਆਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਪਿੰਡ ਖੱਬੇ ਰਾਜਪੂਤਾਂ ਵਿਖੇ ਦਿਨ ਵੇਲੇ ਦੇ ਦੀਵਾਨ ਸਜਾਏ ਗਏ।ਜਿਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਲਵਪ੍ਰੀਤ ਸਿੰਘ ਦੇ ਜਥੇ ਨੇ ਰਸ ਭਿੰਨਾਂ ਕੀਰਤਨ ਸਰਵਣ ਕਰਵਾਇਆ। ਉਪਰੰਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਵੱਡੀ ਗਿਣਤੀ ਵਿਚ ਆਈਆਂ ਸੰਗਤਾਂ ਨੂੰ ਸਾਧ ਸੰਗਤ ਵਿੱਚ ਹਾਜਰੀ ਭਰਨ ਨਾਲ ਮਿਲਣ ਵਾਲੀਆਂ ਵਡਿਆਈਆਂ ਤੋਂ ਜਾਣੂ ਕਰਵਾਇਆ ਅਤੇ ਦੱਸਿਆ ਕਿ ਪੂਰਨ ਸ਼ਰਧਾ ਭਾਵਨਾ ਅਤੇ ਸੱਚੇ ਮਨ ਨਾਲ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਅਕਾਲ ਪੁਰਖ ਪ੍ਰਮਾਤਮਾਂ ਕੀਤੀ ਸੇਵਾ ਦਾ ਫਲਾ ਜਰੂਰ ਦਿੰਦਾ ਹੈ। ਇਸ ਸਮੇਂ ਸ਼੍ਰੀ ਸੂਰਜ ਪ੍ਰਕਾਸ਼ ਗ੍ਰੰਥ ਦੀ ਪੋਥੀ ਦੇ ਪਾਠ ਦੀ ਸੇਵਾ ਭਾਈ ਭਾਈ ਸਤਨਾਮ ਸਿੰਘ ਖਾਲਸਾ ਨੇ ਕੀਤੀ ਅਤੇ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਨਿਭਾਈ। ਦੀਵਾਨ ਦੀ ਸਮਾਪਤੀ ਵੇਲੇ ਪ੍ਰਬੰਧਕਾਂ ਵੱਲੋ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੂੰ ਸਿਰੋਪਾਓ ਤੇ ਦੁਸ਼ਾਲੇ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੈਡ ਗ੍ਰੰਥੀ ਭਾਈ ਕੁਲਵੰਤ ਸਿੰਘ, ਚੇਅਰਮੈਨ ਲਖਵਿੰਦਰ ਸਿੰਘ ਸੋਨਾ, ਸਰਪੰਚ ਮਨਦੀਪ ਸਿੰਘ ਸੋਨਾ, ਭਾਈ ਗੁਰਲਾਲ ਸਿੰਘ ਲਾਲੀ, ਪ੍ਰਧਾਨ ਜੁਗਰਾਜ ਸਿੰਘ ਜੋਗਾ, ਪ੍ਰਿੰ. ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਬਾਬਾ ਅਜੀਤ ਸਿੰਘ ਨਿਹੰਗ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਪ੍ਰਧਾਨ ਭਾਈ ਹੀਰਾ ਸਿੰਘ, ਭਾਈ ਬਿਕਰਮ ਸਿੰਘ ਖਾਲਸਾ, ਐੱਸ.ਪੀ.ਰਵੇਲ ਸਿੰਘ, ਡਾ ਸਰਦੂਲ ਸਿੰਘ, ਜੱਥੇ. ਹਰਦੇਵ ਸਿੰਘ, ਹਜ਼ੂਰ ਸਿੰਘ ਬੱਲ, ਗੁਰਦਿਆਲ ਸਿੰਘ ਬੱਲ, ਅੰਤਰਪ੍ਰੀਤ ਸਿੰਘ ਲੱਧਾਮੁੰਡਾ ਤੇ ਸੁਖਮਨੀ ਸੇਵਾ ਸੋਸਾਇਟੀ ਦੀਆਂ ਬੀਬੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਗੁਰੂ ਘਰ ਦੇ ਪਿਆਰੇ ਬਾਬਾ ਜੋਗਾ ਸਿੰਘ ਦੀ

# ਅੰਤਿਮ ਅਰਦਾਸ ਅਤੇ ਲਗਾਤਾਰ 10 ਦਿਨ 11 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ









**ਫ਼ਿਰੋਜ਼ਪੁਰ, 25 ਮਈ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਗੁਰੂ ਨਾਨਕ ਘਰ ਦੇ ਪਿਆਰੇ ਬਾਬਾ ਜ਼ੋਗਾ ਸਿੰਘ ਜੀ ਦੀ ਅੰਤਿਮ ਅਰਦਾਸ ਅਤੇ ਲਗਾਤਾਰ 10 ਦਿਨ 11 ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤਾਂ, ਮਹਾਂਪੁਰਸ਼ਾਂ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਸਭ ਤੋਂ ਪਹਿਲਾਂ 10 ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ, ਭੋਗ ਉਪਰੰਤ ਕੀਰਤਨ ਦਰਬਾਰ ਵਿਚ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਤੇ ਬਾਬਾ ਸ੍ਰੀਮਾਨ ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ ਕਲੇਰਾਂ ਵਾਲੇ, ਸ੍ਰੀਮਾਨ ਸੰਤ ਬਾਬਾ ਸੁਖਦੇ ਸਿੰਘ ਭੁਚੋ ਸਾਹਿਬ, ਸੇਵਾ ਸਿੰਘ ਗੁਰਦੁਆਰਾ ਠਾਠ ਨਾਨਕਸਰ ਕਲੇਰਾਂ ਵਾਲੇ, ਬਾਬਾ ਹਰੀ ਸਿਘ ਜ਼ੀਰਾ, ਭਾਈ ਮਨਵੀਰ ਸਿੰਘ, ਬਾਬਾ ਹਰੀ ਸਿੰਘ ਹਰੀਕੇ ਪੱਤਨ, ਸੰਤ ਬਾਬਾ ਭਗਤ ਮਿਲਖਾ ਸਿੰਘ ਜੀ ਅਰਮਾਨਪੁਰਾ ਵਾਲੇ, ਬਾਬਾ ਰਛਪਾਲ ਸਿੰਘ ਝੋਕ ਮੋਹੜੇ ਦਮਦਮੀ ਟਕਸਾਲ ਤੋਂ ਇਲਾਵਾ ਹੋਰ ਵੀ ਬਹੁਤ ਸੰਤਾਂ ਮਹਾਂਪੁਰਸ਼ਾਂ ਨੇ ਬਾਬਾ ਜ਼ੋਗਾ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕਰਦਿਆਂ ਆਖਿਆ ਕਿ ਬਾਬਾ ਜ਼ੋਗਾ ਸਿੰਘ ਜ਼ੋ ਕਿ ਬਚਪਨ ਵਿਚ 8 ਸਾਲ ਦੀ ਉਮਰ ਵਿਚ ਹੀ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਆਏ ਅਤੇ 37 ਸਾਲ ਗੁਰੂ ਨਾਨਕ ਦੇ ਘਰ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਕੀਤੀ ਅਤੇ ਉਹ ਪਹਿਲਾਂ ਹੀ ਗੁਰੂ ਘਰ ਵਿਚ ਰਹਿੰਦੇ ਸੀ, ਜਿਸ ਤਰ੍ਹਾਂ ਬਾਬਾ ਜ਼ੋਗਾ ਸਿੰਘ ਜੀ ਦੀ ਗੁਰੂ ਚਰਨਾਂ ਵਿਚ ਨਿਭ ਗਈ, ਵਾਹਿਗੁਰੂ ਸਾਡੀ ਵੀ ਗੁਰੂ ਚਰਨਾਂ ਵਿਚ ਨਿਭ ਾਵੇ। ਇਸ ਮੌਕੇ ਤੇ ਸੰਤਾਂ ਮਹਾਂਪੁਰਸ਼ਾਂ ਨੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਹੇ ਵਾਹਿਗੁਰੂ ਬਾਬਾ ਜ਼ੋਗਾ ਸਿੰਘ ਜੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ, ਪਿਛੇ ਪਰਿਵਾਰ, ਰਿਸ਼ਤੇਦਾਰ, ਮਿੱਤਰ, ਸਾਕ ਸਬੰਧੀ ਅਤੇ ਸੇਵਾਦਾਰਾਂ ਅਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਇਸ ਮੌਕੇ ਜ਼ੋਗਿੰਦਰ ਸਿੰਘ ਜਿੰਦੂ ਸਾਬਕਾ ਐਮ.ਐਲ.ਏ, ਗੁਰਭੇਜ਼ ਸਿੰਘ ਟਿੱਬੀ, ਭਾਈ ਜ਼ਸਪਾਲ ਸਿੰਘ ਕੌਮੀ ਸੀਨੀਅਰ ਮੀਤ ਪ੍ਰਧਾਨ ਫੈਡਰੇਸ਼ਨ, ਰਾਣਾ ਗੁਰਮੀਤ ਸਿੰਘ ਸੋਢੀ ਦੇ ਪੀ.ਏ ਨਸੀਬ ਸਿੰਘ ਸੰਧੂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਆਸੀ ਸਕੱਤਰ, ਭਾਈ ਨਿਰਵੈਰ ਸਿੰਘ ਕਿਲੀ ਪ੍ਰਧਾਨ ਅਤੇ ਸਾਬਕਾ ਸਰਪੰਚ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪਤਵੰਤੇ ਹਾਜ਼ਰ ਸਨ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ, ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਚੰਨਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਰਮਨਦੀਪ ਸਿੰਘ, ਭਾਈ ਬਬੂ ਸਿੰਘ, ਭਾਈ ਜ਼ਸਵੀਰ ਸਿੰਘ, ਭਾਈ ਸੰਤੋਖ ਸਿੰਘ ਲਾਗਰੀ, ਭਾਈ ਗੁਰਦੇਵ ਸਿੰਘ ਤੋਂ ਇਲਾਵਾ ਡਾਕਟਰ ਰਜਿੰਦਰ ਸਿੰਘ ਬਿੱਲਾ ਨੇ 10 ਦਿਨ ਰਾਤ ਦਿਨ ਸੰਗਤਾਂ ਦੀ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਭਾਰੀ ਗਿਣਤੀ ਵਿਚ ਸੰਤਾਂ ਮਹਾਂਪੁਰਸ਼ਾਂ ਨੇ ਭਰੀ ਹਾਜ਼ਰੀ**

### ਸਰਹੱਦੀ ਪਿੰਡਾਂ *ਚ ਪਾਵਨ ਸਰੂਪ ਵਾਪਸ ਕਰਨ ਦੀ ਪ੍ਰਕ੍ਰਿਆ ਜਾਰੀ

# ਫੈਡਰੇਸ਼ਨ ਮਹਿਤਾ ਅਤੇ ਸ਼੍ਰੋਮਣੀ ਕਮੇਟੀ ਨਿਭਾਅ ਰਹੀ ਹੈ ਸੇਵਾ—ਆਗੂ

**ਫ਼ਿਰੋਜ਼ਪੁਰ, 25 ਮਈ (ਮਨੋਹਰ ਲਾਲ) :—** ਭਾਰਤ ਅਤੇ ਪਾਕਿਸਤਾਨ ਦਰਮਿਲਆਨ ਜੰਗ ਦੇ ਮਾਹੌਲ ਨੂੰ ਮੁੱਖ ਰੱਖ ਕੇ ਸਰਹੱਦੀ ਖੇਤਰ ਦੇ ਪਿੰਡਾਂ ਦੇ ਲੋਕਾਂ ਵੱਲੋਂ ਡਰ ਅਤੇ ਭੈਅ ਦਾ ਜ਼ੋ ਮਹੌਲ ਬਣਿਆ ਸੀ, ਉਸ ਨੂੰ ਮੁੱਖ ਰੱਖ ਕੇ ਪਿੰਡਾਂ ਦੇ ਗੁਰੂ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੰਗਤਾਂ ਵੱਲੋਂ ਆਪਣੀ ਇਛਾ ਅਨੁਸਾਰ ਜ਼ੋ ਇਹ ਪਾਵਟਰ ਸਰੂਪ ਇਤਿਹਾਸਕ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਸੇਵਾ ਸੰਭਾਲ ਲਈ ਪਹੁੰਚਾਏ ਗਏ ਸਨ, ਹੁਣ ਹਾਲਾਤ ਠੀਕ ਹੋਣ ਕਰਕੇ ਇਨ੍ਹਾਂ ਪਾਵਰ ਸਰੂਪਾਂ ਨੂੰ ਵਾਪਸ ਸਰਹੱਦੀ ਖੇਤਰ ਦੇ ਪਿੰਡਾਂ ਵਿਚ ਪਹੁੰਚਾਉਣ ਦੀ ਪ੍ਰਕ੍ਰਿਆ ਜਾਰੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਜਾਮਨੀ ਸਾਹਿਬ ਦੇ ਮੈਨੇਜਰ ਤੇਜਬੀਰ ਸਿੰਘ ਮਲਸੀਆ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਤੇ ਸਾਥੀਆਂ ਨੇ ਕਿਹਾ ਕਿ ਕੁਝ ਪਿੰਡਾਂ ਦੀਆਂ ਸੰਗਤਾਂ ਆਪਣੇ—ਆਪਣੇ ਸਰੂਪ ਲਿਜਾ ਚੁੱਕੇ ਹਨ ਅਤੇ ਕੁਝ ਲਿਜਾਅ ਰਹੇ ਹਨ। ਉਕਤ ਆਗੂਆਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਾਵਨ ਸਰੂਪ ਵਾਪਸ ਲਿਜਾਣ ਲਈ ਗੁਰੂ ਦੇ ਸਤਿਕਾਰ ਨੂੰ ਮੁੱਖ ਰੱਖ ਕੇ ਅਤੇ ਪੂਰੀ ਮਰਿਆਦਾ ਅਨੁਸਾਰ ਇਏ ਸਰੂਪ ਲਿਜਾਅ ਸਕਦੇ ਹਨ। ਉਪਰੋਕਤ ਆਗੂਆਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਨੋਟਿਸ ਵਿਚ ਆਇਆ ਹੈ ਕਿ ਕੁਝ ਗ੍ਰੰਥੀ ਨਸ਼ਿਆਂ ਦਾ ਸੇਵਨ ਵੀਕ ਰਦੇ ਹਨ ਅਤੇ ਗੁਰੂ ਦੀ ਸੇਵਾ ਸੰਭਾਲ ਵੀ ਮਰਿਆਦਾ ਅਨੁਸਾਰ ਨਹੀਂ ਕਰਦੇ। ਉਨ੍ਹਾਂ ਅਜਿਹੇ ਲੋਕਾਂ ਨੂੰ ਤਾੜਨਾ ਕੀਤੀ ਕਿ ਉਹ ਅਜਿਹੇ ਕੰਮਾਂ ਤੋਂ ਬਾਜ ਆ ਜਾਣ ਅਤੇ ਪੂਰੀ ਮਰਿਆਦਾ ਅਨੁਸਾਰ ਗੁਰੂ ਦੀ ਸੇਵਾ ਕਰਨ। ਇਸ ਸਮੇਂ ਉਕਤ ਆਗੂਆਂ ਦੇ ਨਾਲ ਡਾ: ਗੁਰਮੀਤ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਬੱਬੀ, ਕੁਲਦੀਪ ਸਿੰਘ ਨੰਢਾ ਸ਼ਹਿਰੀ ਪ੍ਰਧਾਨ, ਹਰਜਿੰਦਰ ਸਿੰਘ ਅਤੇ ਜ਼ਸਬੀਰ ਸਿੰਘ ਜੱਸਾ ਆਦਿ ਹਾਜ਼ਰ ਸਨ।



# ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਸਾਕਾ ਪਾਉਂਟਾ ਸਾਹਿਬ ਜੀ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



**ਫ਼ਿਰੋਜ਼ਪੁਰ, 25 ਮਈ (ਮਨੋਹਰ ਲਾਲ) :—** ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੈਂਡਰੀ ਸਕੂਲ ਵਿੱਚ ਸਾਕਾ ਸ੍ਰੀ ਪਾਉਂਟਾ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਦਿਆਰਥੀਆਂ ਵੱਲੋਂ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸਾਕਾ ਪਾਉਂਟਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਅਤੇ ਭਾਈ ਵੀਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸ੍ਰੀ ਪਾਉਂਟਾ ਸਾਹਿਬ ਦੇ ਪਾਵਨ ਅਸਥਾਨ ਦੇ ਇਤਿਹਾਸ ਤੋਂ ਜਾਣੂ ਕਰਵਾਉਣ ਉਪਰੰਤ ਕਿਹਾ ਕਿ ਆਜ਼ਾਦੀ ਤੋਂ ਬਾਅਦ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਵਾਪਰਿਆ ਸਾਕਾ ਸਿੱਖ ਕੌਮ ਕਦੇ ਵੀ ਭੁੱਲ ਨਹੀਂ ਸਕਦੀ, ਜਿੱਥੇ ਨਿਹੰਗ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਸਿੰਘਾਂ ਵੱਲੋਂ ਵੱਡੀਆਂ ਸ਼ਹਾਦਤਾਂ ਦੇ ਕੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆ ਗਿਆ ਸੀ। ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਦੇ ਰਾਜ ਸਮੇਂ ਸਿੱਖਾਂ ਨੇ ਜ਼ੁਲਮ ਹੱਸ ਕੇ ਬਰਦਾਸ਼ਤ ਕੀਤੇ ਪਰ ਜਿਹੜੇ ਸਾਕੇ ਆਜ਼ਾਦ ਭਾਰਤ ਵਿਚ ਵਾਪਰੇ ਉਨ੍ਹਾਂ ਦਾ ਦਰਦ ਸਿੱਖ ਕੌਮ ਲਈ ਨਾ ਭੁੱਲਣਯੋਗ ਹੈ। ਗੁਰੂ ਘਰਾਂ ਅੰਦਰ ਪੰਥਕ ਮਰਿਆਦਾ ਬਹਾਲ ਰੱਖਣ ਲਈ ਸਿੱਖ ਕੌਮ ਨੇ ਹਮੇਸ਼ਾ ਹੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਸਾਨੂੰ ਅਪਣੇ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਸਕੂਲ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨਾਂ ਨੇ ਇਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਡਾਕਟਰ ਭੀਮ ਰਾਓ ਅੰਬੇਡਕਰ ਸਾਂਝੀ ਖੇਤੀ ਮਜ਼ਦੂਰ ਯੂਨੀਅਨ ਸ਼ੇਰਪੁਰ ਨੇ ਐਸੀ ਸੀ ਕੋਟੇ ਦੀਆਂ ਜਮੀਨਾਂ ਬਿਨਾਂ ਕਿਸੇ ਭੇਦ ਭਾਵ ਤੋਂ ਦੇਣ ਲਈ ਡੀ ਸੀ ਸੰਗਰੂਰ ਦੇ ਨਾਮ ਦਿੱਤਾ ਮੰਗ ਪੱਤਰ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਦਲਿਤ ਵਰਗ ਦੇ ਸਾਂਝੀ ਖੇਤੀ ਕਰਨ ਵਾਲੇ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਪੂਰੀ ਦਿੱਤੇ ਜਾਣ ਸੰਬੰਧੀ ਡਿਪਟੀ ਕਮਿਸ਼ਨਰ ਸੰਗਰੂਰ ਤੋਂ ਮੰਗ ਕੀਤੀ ਕਿ ਪਿੰਡਾਂ ਵਿੱਚ ਐਸੀ,ਸੀ ਕੋਟੇ ਦੀਆਂ ਜਮੀਨਾਂ ਬਿਨਾਂ ਕਿਸੇ ਭੇਦ ਭਾਵ ਦੇ ਦਲਿਤ ਸਮਾਜ ਦੇ ਵਿਆਕਤੀਆ ਨੂੰ ਦਿੱਤੀਆਂ ਜਾਣ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾਕਟਰ ਭੀਮ ਰਾਓ ਅੰਬੇਡਕਰ ਸਾਂਝੀ ਖੇਤੀ ਮਜ਼ਦੂਰ ਯੂਨੀਅਨ ਸ਼ੇਰਪੁਰ ਦੇ ਪ੍ਰਧਾਨ ਡਾ, ਜਗਜੀਵਨ ਸਿੰਘ ਸੇਰਪੁਰ ਨੇ ਕੀਤਾ। ਉਨ੍ਹਾਂ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਮਜ਼ਦੂਰ ਯੂਨੀਅਨ ਸ਼ੇਰਪੁਰ ਰਜਿ: ਪੰਜਾਬ ਵੱਲੋਂ ਬੇਨਤੀ ਹੈ ਕਿ ਮਿਤੀ 7/6/2022 ਨੂੰ ਗਰਾਮ ਪੰਚਾਇਤ ਸੇਰਪੁਰ ਨੇ ਪੰਚਾਇਤ ਦੀ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਕੋਟੇ ਦੀ ਜ਼ਮੀਨ ਦੀ ਬਲੀ ਕਰਵਾਈ ਸੀ ਜਿਸ ਵਿੱਚ ਸਾਂਝੀ ਖੇਤੀ ਕਰਨ ਲਈ 3 ਮੈਂਬਰ ਐਸ.ਸੀ. ਭਾਈਚਾਰੇ ਨੇ ਰਲ ਕੇ 1,30,000, 1,18,000 ਅਤੇ 1.42,000 ਰੁਪਏ ਦੀ ਬੋਲੀ ਦੇ ਕੇ ਠੇਕੇ 'ਤੇ ਲੈ ਲਈ ਤਾਂ ਕਿ ਆਪਣੇ ਪਸ਼ੂਆਂ ਨੂੰ ਹਰਾ ਚਾਰਾ ਬੀਜਿਆ ਜਾ ਸਕੇ ਅਤੇ ਬਣਦੀ ਕੁੱਲ ਰਕਮ 3,90,000 ਰੁਪਏ ਪੰਚਾਇਤ ਕੋਲ ਜਮ੍ਹਾ ਕਰਵਾ ਦਿੱਤੇ ਸਨ। ਮੌਕੇ 'ਤੇ ਸਾਨੂੰ ਦੱਸਿਆ ਗਿਆ ਕਿ ਇਹ 66 ਵਿੱਘੇ ਜ਼ਮੀਨ ਹੈ। ਜਦੋਂ ਅਸੀਂ ਆਪਣੇ ਲੇਬਲ 'ਤੇ ਜ਼ਮੀਨ ਦੀ ਮਿਣਤੀ ਕਰਵਾਈ ਤਾਂ ਇਹ ਜ਼ਮੀਨ 10 ਵਿੱਘੇ ਘੱਟ ਨਿੱਕਲੀ ।ਅਸੀਂ ਗਰਾਮ ਪੰਚਾਇਤ ਅਤੇ ਬੀ.ਡੀ.ਪੀ.ਓ. ਸਾਹਿਬ ਨੂੰ ਬੇਨਤੀ ਕੀਤੀ ਕਿ ਸ਼ਰਤਾਂ ਮੁਤਾਬਕ ਜ਼ਮੀਨ ਪੂਰੀ ਕਰਵਾਈ ਜਾਵੇ। ਕਾਫ਼ੀ ਜੱਦੋ ਜਹਿਦ ਤੋਂ ਬਾਅਦ ਨਾਇਬ ਤਹਿਸੀਲਦਾਰ ਸ਼ੇਰਪੁਰ ਵੱਲੋਂ ਉਸਦੀ ਮਿਣਤੀ ਮਿਤੀ 4/5/2023 ਨੂੰ ਗਰਾਮ ਪੰਚਾਇਤ ਸ਼ੇਰਪੁਰ ਦੀ ਹਾਜ਼ਰੀ ਵਿੱਚ ਡੀ.ਜੀ.ਪੀ.ਐਸ. (ਕੰਪਿਊਟਰ) ਨਾਲ ਹਲਕਾ ਕਾਨੂੰਗੋ ਨੇ ਬੀ.ਡੀ.ਪੀ.ਓ. ਸ਼ੇਰਪੁਰ ਅਤੇ ਦਫਤਰ ਨਾਇਬ ਤਹਿਸੀਲਦਾਰ ਸ਼ੇਰਪੁਰ ਦੀ ਹਾਜ਼ਰੀ ਵਿੱਚ ਮਿਣਤੀ ਕੀਤੀ ਹੈ ਅਤੇ 1 ਵਿੱਘਾ 14 ਕਿੱਸਦੇ ਜ਼ਮੀਨ ਘੱਟ 3328/6 0, 3329/6-0, 3330/6 5,3332/6-5, 3333/6-5, 3334/6-5, 3336/0-10, 3346/2-18,3347/6-14 ਹਨ ।ਉਸਤੋਂ ਬਾਅਦ ਸਾਲ 2023 ਅਤੇ 2024 ਵਿੱਚ ਵੀ ਇਹ ਰਿਜ਼ਰਵ ਪੰਚਾਇਤ ਜ਼ਮੀਨ ਐਸ ਸੀ. ਭਾਈਚਾਰੇ ਦੇ ਲੋਕ ਇਕੱਠੇ ਹੋ ਕੇ ਲੈਂਦੇ ਆ ਰਹੇ ਹਨ। ਪੰਚਾਇਤ ਨੇ ਵਿਸ਼ਵਾਸ ਦਿਵਾਇਆ ਸੀ ਕਿ ਇਸ ਦੀ ਮਿਣਤੀ ਕਰਵਾ ਕੇ ਤੁਹਾਨੂੰ ਪੂਰੀ ਜ਼ਮੀਨ ਦਿਵਾਈ ਜਾਵੇਗੀ।

2. ਇਸ ਜ਼ਮੀਨ ਦਾ ਕੁੱਝ ਹਿੱਸਾ ਧਨਾਡ ਵਿਅਕਤੀਆਂ ਵੱਲੋਂ ਧੱਕੇ ਨਾਲ ਦੱਬਿਆ ਹੋਇਆ ਹੈ ਅਤੇ ਉਸ ਜਗ੍ਹਾ 'ਤੇ ਮੋਟਰ ਵੀ ਚੱਲ ਰਹੀ ਹੈ। ਉਹ ਵਿਅਕਤੀ ਇਸ ਜ਼ਮੀਨ ਦੀ ਕਈ ਸਾਲਾਂ ਤੋਂ ਵਰਤੋਂ ਕਰ ਰਿਹਾ ਹੈ ਜੋ ਕਿ ਸਰਕਾਰੀ ਜ਼ਮੀਨ ਅਤੇ ਪੈਸੇ ਦੀ ਲੁੱਟ ਹੈ । ਵਾਰ ਵਾਰ ਕਹਿਣ 'ਤੇ ਵੀ ਗਰਾਮ ਪੰਚਾਇਤ ਸ਼ੇਰਪੁਰ ਨੇ ਧੱਕੇ ਨਾਲ ਦੱਬੀ ਹੋਈ ਜ਼ਮੀਨ ਇਹਨਾਂ ਗਰੀਬ ਲੋਕਾਂ ਨੂੰ ਨਹੀਂ ਲੈ ਕੇ ਦਿੱਤੀ ਅਤੇ ਨਾ ਹੀ ਇਸਦੀ ਥਾਣਾ ਸ਼ੇਰਪੁਰ ਮੁਖੀ ਨੂੰ ਕੋਈ ਕਾਰਵਾਈ ਕਰਨ ਲਈ ਕਿਹਾ। ਇਸ ਤੋਂ ਵੀ ਅੱਗੇ ਜਾ ਕੇ ਬੀ.ਡੀ.ਪੀ.ਓ. ਸ਼ੇਰਪੁਰ ਨੇ ਪੰਚਾਇਤ ਨੂੰ ਹੁਕਮ ਦਿੱਤਾ ਕਿ ਮਾਨਯੋਗ ਬਾ ਅਖਤਿਆਰ ਕੁਲੈਕਟਰ ਕਮ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸੰਗਰੂਰ ਦੀ ਅਦਾਲਤ ਵਿੱਚ ਧਾਰਾ 7 ਅਧੀਨ ਕੇਸ ਦਾਇਰ ਕੀਤਾ ਜਾਵੇ ਅਤੇ ਇਸ ਜ਼ਮੀਨ ਦੀ ਦੁਬਾਰਾ ਤੋਂ ਕੰਪਿਊਟਰ ਨਾਲ ਜਲਦੀ ਤੋਂ ਜਲਦੀ ਮਿਣਤੀ ਕਰਵਾਈ ਜਾਵੇ।

## ਪਿੰਡ ਤਰਗੜ੍ਹ ਦੀ ਸਮੁੱਚੀ ਪੰਚਾਇਤ ਸਰਪੰਚ ਸਮੀ ਕੁਮਾਰ ਦੀ ਪ੍ਰਧਾਨਗੀ ਵਿੱਚ ਕਾਂਗਰਸ ਨੂੰ ਅਲਵਿਦਾ ਕਹਿ ਆਮ ਆਦਮੀ ਪਾਰਟੀ ਵਿੱਚ ਹੋਏ ਸ਼ਾਮਲ

**ਪਠਾਨਕੋਟ, 25 ਮਈ (ਆਵਾਜ਼ਿ ਕੌਮ ਬਿਊਰੋ)**-ਅੱਜ ਉਸ ਸਮੇਂ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਜਦੋਂ ਪਿੰਡ ਤਰਗੜ੍ਹ ਦੀ ਸਮੂਚੀ ਪੰਚਾਇਤ ਪਿੰਡ ਦੇ ਮੌਜੂਦਾ ਸਰਪੰਚ ਸਮੀ ਕੁਮਾਰ ਦੀ ਪ੍ਰਧਾਨਗੀ ਵਿੱਚ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਗਈ ਇਸ ਤੋਂ ਇਲਾਵਾ ਪਿੰਡ ਸਿਹੋੜਾ ਕਲਾਂ ਦੀ ਮੈਂਬਰ ਪੰਚਾਇਤ ਕੋਮਲ ਅਤੇ ਪਿੰਡ ਸੁਲਤਾਨਪੁਰ ਦੇ ਮੈਂਬਰ ਪੰਚਾਇਤ ਅਜੈ ਕੁਮਾਰ ਨੇ ਵੀ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਦੀਆਂ ਨੀਤਿਆਂ ਅਤੇ ਜਨਹਿਤੈਸੀ ਕਾਰਜਾਂ ਨੂੰ ਵੇਖਦਿਆਂ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਗਏ।

ਜਿਕਰਯੋਗ ਹੈ ਕਿ ਅੱਜ ਪਿੰਡ ਕਟਾਰੂਚੱਕ ਵਿਖੇ ਇੱਕ ਸਮਾਰੋਹ ਦੋਰਾਨ ਪਿੰਡ ਤਗਰੜ੍ਹ ਦੀ ਸਮੂਚੀ ਪੰਚਾਇਤ ਸਰਪੰਚ ਸਮੀ ਕੁਮਾਰ, ਮੈਂਬਰ ਪੰਚਾਇਤ ਕਿਰਨ ਬਾਲਾ, ਮੈਂਬਰ ਪੰਚਾਇਤ ਰਾਧਿਕਾ, ਮੈਂਬਰ ਪੰਚਾਇਤ ਪਰਮਜੀਤ, ਮੈਂਬਰ ਪੰਚਾਇਤ ਰਜਿੰਦਰ ਕੁਮਾਰ, ਮੈਂਬਰ ਪੰਚਾਹਿਤ ਸੂਰਜ ਕੁਮਾਰ, ਮੈਂਬਰ ਪੰਚਾਇਤ ਸੋਨੀਆ ਦੇਵੀ, ਇਸ ਦੇ ਨਾਲ ਹੀ ਪਿੰਡ ਸਿਹੋੜਾ ਕਲਾਂ ਦੀ ਮੈਂਬਰ ਪੰਚਾਇਤ ਕੋਮਲ ਅਤੇ ਪਿੰਡ ਸੁਲਤਾਨਪੁਰ ਦੇ ਮੈਂਬਰ ਪੰਚਾਇਤ ਅਜੈ ਕੁਮਾਰ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਗਏ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਾਰਟੀ ਵਿੱਚ ਸਾਮਲ ਹੋਣ ਵਾਲੇ ਹਰੇਕ ਮੈਂਬਰ ਨੂੰ ਆਮ ਆਦਮੀ ਪਾਰਟੀ ਦਾ ਸਿਰੋਪਾ ਪਾ ਕੇ ਵਧਾਈ ਦਿੱਤੀ।

ਭਾਰਤੀ ਡੀਪ ਸਟੇਟ ?

# ਸਿੱਖਾਂ ਦਾ ਅਸਲੀ ਦੁਸ਼ਮਣ ਕੌਣ ?




ਭਾਰਤੀ ਡੀਪ ਸਟੇਟ , ਜੀ ਹਾਂ ਬਿਲਕੁੱਲ ਸਹੀ ਪੜ੍ਹਿਆ ! ਬਾਈ ਦੀਪ ਸਿੱਧੂ ਨੇ ਬਹੁਤ ਸੋਚ ਕੇ ਹੀ ਕਿਹਾ ਸੀ ਕਿ ਸਿੱਖਾਂ ਦੀ ਅਸਲ ਦੁਸ਼ਮਣ ਭਾਰਤੀ ਡੀਪ ਸਟੇਟ ਹੈ ! ਡੀਪ ਅੰਗਰੇਜੀ ਦਾ ਲਫਜ ਹੈ ਜਿਸ ਦਾ ਮਤਲਬ ਹੈ ਡੂੰਘਾ ! ਡੂੰਘੇ ਬੰਦੇ ਦਾ ਮਿੱਤਰ ਦਾ ਦੁਸ਼ਮਣ ਦਾ ਭੇਤ ਪਾਉਣਾ ਬਹੁਤ ਔਖਾ ਹੁੰਦਾ ਹੈ ! ਜਿੰਨਾ ਚਿਰ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦੇ ਬੱਚੇ ਬੱਚੇ ਨੂੰ ਆਪਣੇ ਅਸਲੀ ਦੁਸ਼ਮਣ ਦਾ ਪਤਾ ਨਹੀ ਚੱਲੇਗਾ ਉੱਨਾ ਚਿਰ ਸਾਡੀ ਲੜਾਈ ਕਿਸੇ ਵੀ ਤਣ ਪੱਤਣ ਨਹੀਂ ਲੱਗੇਗੀ ਜੀ ! ਭਾਰਤੀ ਡੀਪ ਸਿਸਟਮ ਉੱਹ ਭਾਰਤੀ ਤੰਤਰ ਹੈ ਉੱਹ ਤਾਣਾ ਬਾਣਾ ਉੱਹ ਜੋ ਭਾਰਤ ਦੇਸ਼ ਨੂੰ ਚਲਾ ਰਿਹਾ ਹੈ ! ਉੱਸ ਵਿੱਚ ਸਰਕਾਰਾਂ ਏਜੰਸੀਆਂ ਫੌਜ ਪੁਲੀਸ ਬੀ ਐਸ ਐਫ ਸੀ ਆਰ ਪੀ ਐਫ ਆਦਿ ਹੋਰ ਫੋਰਾਂ ਇੰਟੈਲੀਜੈਂਸੀ ਇਸ ਵਿੱਚ ਵੀ ਏਜੰਸੀਆਂ ਹੀ ਆਉਂਦੀਆਂ ਆਈ ਬੀ ਰਾਅ ਸੀ ਬੀ ਆਈ ਐਨ ਆਈ ਏ ਈ ਡੀ ਆਦਿ ! ਫਿਰ ਸਰਕਾਰਾਂ ਦੇ ਥੱਲੇ ਵਾਲੇ ਮਹਿਕਮੇ ਆ ਜਾਂਦੇ ਹਨ ! ਭਾਰਤ ਦਾਵ ਰਿਮੋਟ ਕੰਟਰੋਲ ਏਜੰਸੀਆਂ ਅਤੇ ਅਫਸਰਸ਼ਾਹੀ ਦੇ ਹੱਥ ਵਿੱਚ ਹੈ ਜਿਹਨਾਂ ਦੇ ਉੱਚ ਅਹੁਦਿਆਂ ਉੱਪਰ ਕੱਟੜ ਪਿਓਰ ਓਰੀਜਨਲ ਖਾਲਸ ਹਿੰਦੁ ਹੀ ਬਿਰਜਮਾਨ ਹਨ ! ਅਗਰ ਕਿਸੇ ਹੋਰ ਧਰਮ ਦੇ ਵਿਆਕਤੀ ਨੂੰ ਮਜਬੂਰੀ ਵੱਸ ਬਿਠਾਉਣਾ ਵੀ ਪੈ ਜਾਵੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਵਿਖਾਉਣ ਲਈ ਤਾਂ ਉੱਸ ਵਿਅਕਤੀ ਦਾ ਪਹਿਲਾਂ ਹਿੰਦੂਕਰਨ ਕੀਤਾ ਜਾਂਦਾ ਹੈ ! ਇਸ ਕਰਕੇ ਹੀ ਤਾਂ ਸਾਰੇ ਅਫਸਰ ਸਾਰੇ ਮੰਤਰੀ ਸੰਤਰੀ ਚਪੜਾਸੀ ਤੋਂ ਲੈ ਕੇ ਉੱਪਰ ਤੱਕ ਜੈ ਹਿੰਦ ਕਹਿੰਦੇ ਹਨ ਜਾਂ ਭਾਰਤ ਮਾਤਾ ਕੀ ਜੈ ਬੋਲਦੇ ਹਨ ! ਭਾਰਤ ਇੱਕ ਦੇਸ਼ ਹੈ ਮਾਤਾ ਥੋੜ੍ਹੀ ਹੈ ? ਬੱਸ ਏਸ ਭਾਰਤ ਮਾਤਾ ਨੇ ਹੀ 1947 ਤੋਂ ਲੱਖਾਂ ਸਿੱਖਾਂ ਮੁਸਲਮਾਨਾਂ ਇਸਾਈਆਂ ਕਈ ਹਿੰਦੂਆਂ ਦਾ ਵੀ ਅਤੇ ਹੋਰ ਘੱਟ ਗਿਣਤੀ ਕੌਮਾਂ ਦਾ ਰੱਜ ਰੱਜ ਕੇ ਲਹੂ ਪੀਤਾ ਹੈ ਅਤੇ ਇਹ ਭਾਰਤੀ ਸਿਸਟਮ ਤਾਣਾ ਬਾਣਾ ਹੀ ਸਾਡਾ ਅਸਲੀ ਦੁਸ਼ਮਣ ਹੈ ! ਦਿੱਲੀ ਸਾਡੀ ਅਸਲ ਦੁਸ਼ਮਣ ਆਦਿ ਕਾਲ ਤੋਂ ਹੀ ਹੈ ਜਿੱਥੋਂ ਸਾਨੂੰ ਸਿੱਖਾਂ ਨੂੰ ਮਾਰਨ ਦੇ ਕੁੱਟਣ ਲੁੱਟਣ ਦੇ ਜਲੀਲ ਕਰਨ ਦੇ ਬੇਇੱਜਤ ਕਰਨ ਦੇ ਉੱਜਾੜਨ ਦੇ ਤਬਾਹ ਕਰਨ ਦੇ ਸਾਡੀਆਂ ਜਮੀਨਾਂ ਖੋਹਣ ਦੇ ਹੁਕਮ ਜਾਰੀ ਹੁੰਦੇ ਸਨ ਅਤੇ ਹੋ ਰਹੇ ਹਨ ਅਤੇ ਹੁੰਦੇ ਵੀ ਰਹਿਣਗੇ ਅਗਰ ਅਸੀਂ ਆਪਣਾ ਛਿੱਤਰ ਕਾਇਮ ਨਾ ਕੀਤਾ ਤਾਂ ! ਅਗਰ ਅਸੀਂ ਇਕੱਠੇ ਨਾ ਹੋਏ ਅਗਰ ਅਸੀਂ ਸਿੱਖਾਂ ਨੇ ਆਪਣੇ ਦੁਸ਼ਮਣ ਨੂੰ ਲਲਕਾਰਨ ਲਈ ਇੱਕ ਸਾਂਝਾ ਪਲੇਟਫਾਰਮ ਜਲਦੀਂ ਤੋਂ ਜਲਦੀ ਨਾ ਤਿਆਰ ਕੀਤਾ ਤਾਂ ! ਸਾਜਾਵਦੁਸ਼ਮਣ ਹਿੰਦੂ ਸਾਨੂੰ ਕੁੱਟੇਗਾ ਵੀ ਅਤੇ ਲੁੱਟੇਗਾ ਵੀ ਅਤੇ ਰੋਣ ਵੀ ਨਹੀਂ ਦੇਵੇਗਾ ! ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਭਾਰਤੀ ਇੰਡੀਅਨ ਜਾਂ ਹਿੰਦੋਸਤਾਨੀ ਕਹਾਉਣਾ ਬੰਦ ਕਰਨਾ ਪਵੇਗਾ ! ਅਸੀਂ ਜਾਂ ਤਾਂ ਪੰਜਾਬੀ ਹਾਂ ਜਾਂ ਖਾਲਿਸਤਾਨੀ ਹਾਂ ! ਸੋ ਭਗਵੰਤ ਮਾਨ ਸਾਡਾ ਦੁਸ਼ਮਣ ਥੋੜੀ ਆ ਇਸ ਤੋਂ ਪਹਿਲਾਂ ਤਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਸੀ ਉੱਸ ਤੋਂ ਪਹਿਲਾਂ ਪਰਕਾਸ਼ ਬਾਦਲ ਸੀ ਉੱਸ ਤੋਂ ਪਹਿਲਾਂ ਵੀ ਕੈਪਟਨ ਸੀ ਬੇਅੰਤਾ ਬੁੱਚੜ ਸੀ ਫਿਰ ਗਵਰਨਰੀ ਰਾਜ ਵੀ ਰਿਹਾ ਸੁਰਜੀਤ ਸਿੰਘ ਬਰਨਾਲਾ ਵੀ ਰਿਹਾ ਦਰਬਾਰਾ ਸਿੰਘ ਵੀ ਰਿਹਾ ਬੀਬੀ ਭੱਠਲ ਵੀ ਰਹੀ ਐਥੇ ਪਰਤਾਪ ਸਿੰਘ ਕੈਰੋਂ ਵੀ ਰਿਹਾ ਉੱਸ ਤੋਂ ਪਹਿਲਾਂ ਹਿੰਦੂ ਚਿਹਰੇ ਵੀ ਮੁੱਖ ਮੰਤਰੀ ਰਹੇ ਜਦੋਂ ਜੁਲਾਈ 1955 ਵਿੱਚ ਹਰਿਮੰਦਰ ਸਾਹਿਬ ਉੱਤੇ ਜਵਾਹਰ ਲਾਲ ਨਹਿਰੂ ਨੇ ਇੰਦਰਾ ਗਾਂਧੀ ਦੇ ਪਿਓ ਨੇ ਉੱਸ ਵੇਲੇ ਦੇ ਪਰਧਾਨ ਮੰਤਰੀ ਨੇ ਹਮਲਾ ਕਰਵਾਇਆ ਸੀ ! ਕਹਿਣ ਦਾ ਭਾਵ ਹੈ ਕਿ ਮੁੱਖ ਮੰਤਰੀਆਂ ਪਰਧਾਨ ਮੰਤਰੀਆਂ ਦੇ ਚਿਹਰੇ ਬਦਲਦੇ ਰਹੇ ਹਨ ਅਤੇ ਬਦਲਦੇ ਹੀ ਰਹਿਣਗੇ ! ਸਿੱਖਾਂ ਨੇ ਜਿੰਨਾ ਚਿਰ ਆਪਣਾ ਕੌਮੀ ਘਰ ਖਾਲਿਸਤਾਨ ਨਾ ਬਣਾਇਆ ਉੱਨਾਂ ਚਿਰ ਭਾਰਤੀ ਡੀਪ ਸਟੇਟ ਦੇ ਜੁਲਮ ਸਿੱਖਾਂ ਉੱਪਰ ਜਾਰੀ ਰਹਿਣਗੇ ! ਇੱਕ ਹੋਰ ਸਿੱਖਾਂ ਦੀ ਦੁਸ਼ਮਣ ਜਮਾਤ ਯੂਪੀ ਸਟੇਟ ਦੇ ਨਾਗਪੁਰ ਸ਼ਹਿਰ ਵਿੱਚ ਬੈਠੀ ਹੈ ਆਰ ਐਸ ਐਸ ! ਆਰ ਐਸ ਐਸ ਉੱਹ ਅਜਗਰ ਸੱਪ ਹੈ ਜੋ ਕਿਸੇ ਨੂੰ ਵੀ ਨਿੱਗਲ ਸਕਦੀ ਹੈ ! ਇਸ ਦਾ ਹੀ ਮਿਸ਼ਨ ਹੈ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ ਅਤੇ ਔਰੰਗਜੇਬ ਦੀ ਤਰਜ ਉੱਤੇ ਅਤੇ ਹਿਟਲਰੀ ਨੀਤੀ ਵਰਤ ਕੇ ਭਾਰਤ ਵਿੱਚ ਰਹਿੰਦੀਆਂ ਸਾਰੀਆਂ ਕੌਮਾਂ ਨੂੰ ਹਿੰਦੂ ਬਣਾਉਣਾ ਜਾਂ ਹਿੰਦੂ ਧਰਮ ਵਿੱਚ ਜਜਬ ਕਰਨਾ ! ਬੀ ਜੇ ਪੀ ਆਰ ਐਸ ਐਸ ਦੀ ਸਿਆਸੀ ਜਮਾਤ ਹੀ ਹੈ ! ਸੌ ਸਾਲ ਮਿਹਨਤ ਕਰਕੇ 1925 ਤੋਂ 2025 ਤੱਕ ਇਹ ਜਮਾਤ ਭਾਰਤ ਦੀ ਰਾਜ ਸੱਤਾ ਉੱਪਰ ਅੱਜ ਕਾਬਜ ਹੈ ! ਪੰਜਾਬ ਸਮੇਤ ਜੰਮੂ ਕਸ਼ਮੀਰ ਆਸਾਮ ਮਿਜ਼ੋਰਮ ਮਨੀਪੁਰ ਨਾਗਾਲੈਂਡ ਉੜੀਸਾ ਅਤੇ ਹਰ ਕਈ ਰਾਜਾਂ ਵਿੱਚ ਵੀ ਕਈ ਘੱਟ ਗਿਣਤੀ ਕੌਮ ਦੀ ਆਜਾਦੀ ਦਾ ਗਲਾ ਘੁੱਟਿਆ ਜਾ ਰਿਹਾ ਹੈ ਅਤੇ ਔਰੰਗਜੇਬ ਵਾਂਗ ਜਬਰੀ ਹਿੰਦੂ ਬਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ ! ਸੋ ਭਾਈ ਸਿੱਖੋ ਜਾਗੋ ਅਤੇ ਆਪਣੇ ਆਂਡੀ ਗੁਆਂਡੀ ਸਿੱਖਾਂ ਨੂੰ ਵੀ ਜਗਾਓ ! ਪਹਿਲਾਂ ਇਹਨੀ ਸਾਨੂੰ ਅਸਲੀ ਗੋਲੀਆਂ ਨਾਲ ਮਾਰਿਆ ਅਤੇ ਅੱਜ ਵੀ ਮਾਰ ਰਹੇ ਹਨ , ਫਿਰ ਇਹਨੀ ਸਾਨੂੰ ਨਸ਼ਿਆਂ ਨਾਲ ਮਾਰਿਆ ! ਹੁਣ ਸਾਡਾ ਪੰਜਾਬ ਦਾ ਪਾਣੀ ਬਦਮਾਸ਼ੀ ਨਾਲ ਲੁੱਟ ਰਹੇ ਨੇ , ਚੰਡੀਗੜ੍ਹ ਵੀ ਸਾਡਾ ਨੱਪ ਲਿਆ ! ਹੁਣ ਤਾਜੇ ਤਾਜੇ ਹੀ ਲੁਧਿਆਣੇ ਦੇ ਚਾਲੀ ਪਿੰਡਾਂ ਦੀ ਚੌਵੀ ਹਜਾਰ ਏਕੜ ਜਮੀਨ ਇਕਵਾਇਰ ਕਰਨ ਦੇ ਹੁਕਮ ਵੀ ਆ ਗਏ ਹਨ ! ਪਹਿਲਾਂ ਭਾਰਤ ਮਾਲਾ ਪਰੋਜਕਟ ਦੇ ਦੁਆਰਾ ਪੰਜਾਬ ਦੇ ਸਿੱਖਾਂ ਅਤੇ ਹੋਰ ਕਿਸਾਨਾਂ ਦੀ ਜਮੀਨ ਭਾਰਤ ਮਾਤਾ ਖਾ ਗਈ ਜਾਂ ਲੀਰਾਂ ਬਣਾ ਦਿੱਤੀਆਂ ! ਆਏ ਦਿਨ ਕੋਈ ਨਾ ਕੋਈ ਨਵਾਂ ਹੀ ਸੱਪ ਕੱਢ ਦਿੰਦੇ ਨੇ ! ਸਾਡੇ ਲੀਡਰ ਜਿਹੜੇ ਵੀ ਮਾੜੇ ਮੋਟੇ ਹੈਗੇ ਆ ਉੱਹ ਮੀਡੀਏ ਵਿੱਚ ਬਿਆਨ ਦੇ ਕੇ ਹੀ ਸਾਰ ਦਿੰਦੇ ਹਨ ਅਤੇ ਅਗਲੇ ਫੋਰਸਾਂ ਲਿਆ ਕੇ ਕਿਸਾਨਾਂ ਉੱਪਰ ਤਸ਼ੱਦਦ ਕਰਕੇ ਜਮੀਨਾਂ ਨੱਪ ਲੈਂਦੇ ਹਨ ! ਕਿਤੇ ਵੀ ਕੋਈ ਵੀ ਸੁਣਵਾਈ ਨਹੀਂ ਹੈ ! ਸਾਰਾ ਕੁੱਝ ਰੱਬ ਉੱਪਰ ਛੱਡ ਵੀ ਨਹੀਂ ਸਰਨਾ ! ਭਈਆਂ ਨੂੰ ਹਿੰਦੂਆਂ ਨੂੰ ਫਰੀ ਦਾ ਲੰਗਰ ਖਵਾਉਣੇ ਛੱਡ ਕੇ ਆਪਣੇ ਸਿੱਖ ਭਰਾਵਾਂ ਦੀ ਪਹਿਲਾਂ ਸਾਰ ਲਿਆ ਕਰੋ ! ਇਹਨਾਂ ਨੇ ਖਾ ਪੀ ਕੇ ਹਰਾਮ ਹੀ ਕਰਨਾ ਹੈ ! ਸਾਡਾ ਖਾ ਪੀ ਕੇ ਇਹਨਾਂ ਨੇ ਸਾਡੇ ਹੀ ਛਿੱਤਰ ਮਾਰਨੇ ਹਨ ! ਸੋ ਭਾਈ ਕੇਸ ਦਾਹੜੀ ਕਟਾਉਣੀ ਛੱਡ ਕੇ ਨਸ਼ਿਆਂ ਅਤੇ ਹੋਰ ਭੈੜੀਆਂ ਆਦਤਾਂ ਛੱਡ ਕੇ ਸਿੱਖੀ ਧਾਰਨ ਕਰੋ ਅਤੇ ਆਓ ਸਾਰੇ ਰਲ ਮਿਲ ਕੇ ਆਪਣੇ ਹੱਕਾਂ ਲਈ ਲੜੀਏ ! ਜਿਹਨਾਂ ਨੇ ਸਿੱਖੀ ਧਾਰਨ ਕੀਤੀ ਹੋਈ ਹੈ ਅਤੇ ਜਾਗਰੂਕ ਹਨ ਉੱਹਨਾਂ ਦੇ ਚਰਨਾਂ ਤੇ ਸਾਡਾ ਕਰੋੜਾਂ ਵੇਰ ਨਮਸਕਾਰ ਹੈ ਜੀ ! ਜਾਗੋ ਜਾਗੋ ਜਾਗੋ ਜਾਗਣ ਦਾ ਵੇਲਾ ਹੈ ਸਿੱਖੋ ਪਿਆਰਿਓ !

**- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**

ਆਵਾਜ਼ਿ ਕੌਮ AWAZE QAUM International Newspaper & WEB TV

ਯੂਪੀ ਦੇ ਪੀਲੀਭੀਤ ਵਿੱਚ ਛੋਟੇ-ਛੋਟੇ ਲਾਲਚਾਂ ਲਈ

# 3000 ਸਿੱਖਾਂ ਦਾ ਇਸਾਈ ਬਣਨਾ ਬ੍ਹੁਤ ਹੀ ਮੰਦਭਾਗਾ ਅਤੇ ਨਿੰਦਣਯੋਗ:ਚੇਅਰਮੈਨ ਭੋਮਾ



ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਵੱਲੋਂ ਯੂਪੀ ਦੇ ਪੀਲੀਭੀਤ ਵਿੱਚ 3000 ਸਿੱਖਾਂ ਦੇ ਇਸਾਈ ਬਣਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਹਨਾਂ ਕਿਹਾ ਜੇਕਰ ਆਪਾਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰੀਏ ਤਾਂ ਇਸ ਲਈ ਸਿੱਧੇ ਤੌਰ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਸ਼ੀ ਹੈ ਜੋ ਅਕਾਲੀ ਦਲ ਬਾਦਲ ਦੇ ਡਰੋਂ ਤੇ ਉਹਨਾਂ ਦੀਆਂ ਈਸਾਈਆਂ ਦੇ ਵੋਟਾਂ ਖ਼ਰਾਬ ਹੋਣ ਦੇ ਡਰੋਂ ਕ੍ਰਿਸਚਨਾ ਵਿਰੁੱਧ ਪ੍ਰਚਾਰ ਮੁਹਿੰਮ ਨਹੀਂ ਚਲਾਉਂਦੇ ਤੇ ਉਹਨਾਂ ਨੇ ਇਸ ਪਾਸੇ ਬਿਲਕੁਲ ਅੱਖਾਂ ਮੀਟੀਆਂ ਹੋਈਆਂ ਹਨ ਉਹਨਾ ਕਿਹਾ ਕਿ ਛੋਟੇ ਛੋਟੇ ਲਾਲਚਾਂ ਲਈ ਆਪਣਾ ਧਰਮ ਛੱਡਣ ਦਾ ਫੈਸਲਾ ਬਹੁਤ ਹੀ ਮੰਦਭਾਗਾ ਅਤੇ ਮੂਰਖਤਾ ਭਰਿਆ ਹੈ। ਜੋ ਲੋਕ ਇਹਨਾਂ ਪਿੱਛੇ ਲੱਗ ਕੇ ਆਪਣਾ ਧਰਮ ਪਰਿਵਰਤਨ ਕਰ ਚੁੱਕੇ ਉਹਨਾਂ ਨੂੰ ਇਹ ਤਾਂ ਵੇਖਣਾ ਚਾਹੀਦਾ ਸੀ ਕੇ ਇਹਨਾਂ ਦੇ ਆਪਣੇ ਇਸਾਈ ਭਰਾ ਤੇ ਗਰੀਬੀ ਨਾਲ ਜੂਝ ਰਹੇ ਹਨ ਤੇ ਟੁੱਟੇ ਘਰਾਂ ਵਿੱਚ ਜੀਵਨ ਬਤੀਤ ਕਰ ਰਹੇ ਹਨ। ਜੇਕਰ ਇਹ ਇੰਨੇ ਹੀ ਦਿਆਵਾਨ ਤੇ ਧਨੀ ਹਨ ਤਾਂ ਉਹਨਾਂ ਦੇ ਬੱਚਿਆਂ ਨੂੰ ਕਿਉਂ ਨਹੀਂ ਪੜ੍ਹਾਉਂਦੇ ?ਅਤੇ ਉਹਨਾਂ ਨੂੰ ਘਰ ਕਿਉਂ ਨਹੀਂ ਬਣਾ ਕੇ ਦਿੰਦੇ ? ਪਿੰਡਾਂ ਵਿੱਚ ਕਈ ਇਸਾਈ ਲੋਕ ਇਲਾਜ ਤੋਂ ਬਿਨਾਂ ਹੀ ਬਿਮਾਰੀਆਂ ਨਾਲ ਮਰ ਰਹੇ ਹਨ ਉਹਨਾਂ ਦਾ ਇਲਾਜ ਤਾਂ ਇਹ ਕਰਵਾ ਨਹੀਂ ਸਕੇ। ਆਪਣੇ ਭਾਈਚਾਰੇ ਲਈ ਤਾਂ ਇਹਨਾਂ ਕੋਲ ਕੁਝ ਨਹੀਂ ਹੈ ਅਤੇ ਸਿੱਖਾਂ ਦੇ ਬੱਚਿਆਂ ਨੂੰ ਪੜ੍ਹਾਉਣ ਅਤੇ ਆਪਣੇ ਧਰਮ ਵਿੱਚ ਸ਼ਾਮਿਲ ਕਰਨ ਲਈ ਇਹ ਲੋਕਾਂ ਕੋਲ ਸਭ ਕੁਝ ਆ ਜਾਂਦਾ। ਇਹ ਬਹੁਤ ਅਮੀਰ ਅਤੇ ਦਿਆਲੂ ਹਨ ਜੋ ਇਹ ਸਾਰਾ ਕੁਝ ਸਿੱਖਾਂ ਨੂੰ ਬਣਾਕੇ ਦੇਣਗੇ। ਇਸ ਲਈ ਇਹਨਾ ਢੋਂਗੀਆ ਕੋਲੋਂ ਸੁਚੇਤ ਹੋਣ ਦੀ ਜ਼ਰੂਰਤ ਹੈ ਭੋਮਾ ਨੇ ਇਸਾਈ ਬਣ ਚੁੱਕੇ ਸਿੱਖ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਇਹਨਾ ਦੀਆਂ ਚਾਲਾਂ ਨੂੰ ਸਮਝੋ ਅਤੇ ਆਪਣੇ ਧਰਮ ਵਿੱਚ ਫਿਰ ਵਾਪਸੀ ਕਰੋ ਜੋ ਲੋਕ ਅਪਣਿਆ ਦਾ ਕੁਝ ਨਹੀਂ ਸਵਾਰ ਸਕਦੇ ਉਹ ਤੁਹਾਨੂੰ ਕੀ ਦੇ ਸਕਣਗੇ। ਉਹਨਾਂ ਕਿਹਾ ਕਿ ਪਿਛਲੇ ਚਾਰ ਪੰਜ ਸਾਲਾਂ ਤੋਂ ਇਹ ਗੀਤ ,ਇਹੀ ਲਹਿਰ ਨੇ ਪੰਜਾਬ ਵਿੱਚ ਵੀ ਜ਼ੋਰ ਫੜਿਆ ਸੀ ਅਤੇ ਲੋਕ ਇਹਨਾਂ ਲਾਲਚੀਆਂ ਪਿੱਛੇ ਲੱਗ ਕੇ ਧੜਾ ਧੜ ਆਪਣੇ ਧਰਮ ਪਰਿਵਰਤਨ ਕਰ ਰਹੇ ਸਨ। ਜਿਸ ਨੂੰ ਗੰਭੀਰਤਾ ਨਾਲ ਸੋਚਦਿਆਂ ਵਿਚਾਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋ ਦੀ ਅਗਵਾਹੀ ਵਿੱਚ ਪੰਜਾਬ ਵਿੱਚ ਧਰਮ ਪਰਿਵਰਤਨ ਜਾਗਰੂਕਤਾ ਦੀ ਲਹਿਰ ਚਲਾਈ ਗਈ। ਇਸ ਲਹਿਰ ਰਾਹੀਂ ਅਸੀਂ ਲੋਕਾਂ ਨੂੰ ਇਹਨਾਂ ਲਾਲਚੀਆਂ ਦੇ ਮਨਸੂਬਿਆਂ ਤੋਂ ਜਾਣੂ ਕਰਵਾਇਆ ਅਤੇ ਹੁਣ ਤੱਕ 1400 ਸਿੱਖ ਪਰਿਵਾਰ ਜੋ ਇਸਾਈ ਬਣ ਚੁੱਕੇ ਸਨ ਉਹਨਾਂ ਨੂੰ ਮੁੜ ਸਿੱਖ ਧਰਮ ਵਿੱਚ ਸ਼ਾਮਿਲ ਕਰਵਾਇਆ। ਜੇਕਰ ਦਿੱਲੀ ਕਮੇਟੀ ਵੱਲੋਂ ਪੰਜਾਬ ਵਿੱਚ ਇਸ ਧਰਮ ਪਰਿਵਰਤਨ ਲਹਿਰ ਦੇ ਰੋਕਥਾਮ ਲਈ ਉਪਰਾਲੇ ਨਾ ਕੀਤੇ ਜਾਂਦੇ ਤਾਂ ਸ਼ਾਇਦ ਪੰਜਾਬ ਵਿੱਚ ਗਿਣਤੀ ਯੂਪੀ ਨਾਲੋਂ ਕਈ ਗੁਣਾ ਵੱਧ ਚੁੱਕੀ ਹੁੰਦੀ। ਜੇਕਰ ਸਾਰੀਆਂ ਜਥੇਬੰਦੀਆਂ ਅਤੇ ਗੁਰਦੁਆਰੇ ਕਮੇਟੀਆਂ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਪੂਰੀ ਤਰ੍ਹਾਂ ਕਰਦੀਆਂ ਤਾਂ ਸ਼ਾਇਦ ਅੱਜ ਸਿੱਖਾਂ ਨੂੰ ਇਹ ਮੰਦਭਾਗਾ ਦਿਨ ਨਾ ਵੇਖਣਾ ਪੈਂਦਾ। ਭੋਮਾਂ ਨੇ ਕਿਹਾ ਕਿ ਇਹਨਾਂ 3 ਹਜਾਰ ਸਿੱਖਾਂ ਦੇ ਧਰਮ ਪਰਿਵਰਤਨ ਕਰਨ ਪਿੱਛੇ ਅਸੀਂ ਤੇ ਸਾਡੀਆਂ ਧਾਰਮਿਕ ਜਥੇਬੰਦੀਆਂ ਵੀ ਦੋਸ਼ੀ ਹਨ। ਇੱਕ ਪਾਸੇ ਤਾਂ ਅਸੀਂ ਆਪਣੇ ਬਜਟ ਕਰੋੜਾਂ ਅਰਬਾਂ ਰੁਪਏ ਦੱਸਦੇ ਹਾਂ ਅਤੇ ਹੁਣ ਤੱਕ ਅਸੀਂ ਸਿੱਖਾਂ ਲਈ ਇਕ ਵੀ ਫਰੀ ਹਸਪਤਾਲ ਅਤੇ ਸਕੂਲ ਵੀ ਨਹੀਂ ਬਣਾ ਸਕੇ। ਸਾਡੀਆਂ ਧਾਰਮਿਕ ਜਥੇਬੰਦੀਆਂ ਅਤੇ ਕਮੇਟੀਆਂ ਲੀਡਰਾਂ ਦੀ ਵਾਹ ਵਾਹ ਖੱਟਣ ਤੱਕ ਹੀ ਸੀਮਤ ਰਹਿ ਗਈਆਂ ਹਨ। ਉਹਨਾਂ ਨੇ ਗਰੀਬ ਸਿੱਖਾਂ ਦੀ ਬਾਂਹ ਫੜਨ ਲਈ ਕੋਈ ਵਿਸ਼ੇਸ਼ ਉਪਰਾਲਾ ਹੀ ਨਹੀਂ ਕੀਤਾ। ਇਸ ਕਰਕੇ ਸਮਾਜ ਵਿਰੋਧੀ ਲੋਕ ਆਪਣੇ ਮਨਸੂਬਿਆਂ ਵਿੱਚ ਦਿਨੋ ਦਿਨ ਕਾਮਯਾਬ ਹੁੰਦੇ ਜਾ ਰਹੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਇਕੱਲਾ ਕੇ ਪੀ ਐਸ ਗਿੱਲ ਹੀ ਨਹੀਂ, ਸਾਰਾ ਭਾਰਤੀ ਸਿਸਟਮ ਹੀ ਬੁੱਚੜ ਸੀ




**ਕੇ ਪੀ ਐਸ ਗਿੱਲ** ਦਾ ਭਰਾ ਐਵੇਂ ਹੀ ਨਹੀਂ ਸਿਮਰਨਜੋਤ ਸਿੰਘ ਮੱਕੜ ਨੂੰ ਇੰਟਰਵਿਊ ਦੇ ਕੇ ਗਿਆ , ਇਸ ਦੇ ਪਿੱਛੇ ਕੋਈ ਲੁੱਕੀ ਹੋਈ ਬਹੁਤ ਵੱਡੀ ਸਾਜਿਸ਼ ਹੋਵੇਗੀ ! ਪਰ ਜੋ ਵੀ ਹੈ ਡਿੱਕੀ ਗਿੱਲ ਨੇ ਪੂਰੀ ਸਿੱਖ ਕੌਮ ਦੇ ਨਾਸੂਰ ਬਣ ਚੁੱਕੇ ਜਖਮਾਂ ਨੂੰ ਦੁਬਾਰਾ ਅੱਲਿਆਂ ਕੀਤਾ ਹੈ ! ਖਾਸ ਕਰਕੇ ਉੱਹਨਾਂ ਸਿੱਖਾਂ ਦੇ ਜਖਮਾਂ ਨੂੰ ਜਿਹਨਾਂ ਨੇ ਉੱਹ ਪੀੜਾ ਇਕੱਲੀ ਆਪਣੇ ਸਰੀਰਾਂ ਉੱਪਰ ਹੀ ਨਹੀਂ ਆਪਣੇ ਦਿਲ ਦਿਮਾਗ ਮਨ ਅਤੇ ਅੰਤਰਆਤਮਾ ਉੱਪਰ ਵੀ ਹੰਢਾਈ ਹੈ , ਜਿਹਨਾਂ ਵਿੱਚ ਇਹਨਾਂ ਸੱਤਰਾਂ ਦਾ ਲਿਖਾਰੀ ਹਰਪ੍ਰੀਤ ਸਿੰਘ ਪੰਮਾ ਪਿੰਡ ਬਡਾਲਾ ਮਾਹੀ ਨੇੜੇ ਕਸਬਾ ਸ਼ਾਮ ਚੌਰਾਸੀ ਜਿਲ੍ਹਾ ਹੁਸ਼ਿਆਰਪੁਰ ਵੀ ਆਉਂਦਾ ਹੈ ! ਗੱਲ ਅੱਜ ਬੁੱਚੜਾਂ ਅਤੇ ਬੁੱਚੜ ਪੁਣੇ ਦੀ ਹੀ ਕਰਾਂਗੇ ! ਪਹਿਲਾਂ ਥੋੜਾ ਇਤਿਹਾਸ ਵੀ ਵਾਚ ਲਈਏ ! ਹਿੰਦੂ ਜਾਣੀ ਬਰਾਹਮਣ ,ਵੈਸੇ ਇਹਨਾਂ ਦੇ ਕਿਸੇ ਵੀ ਧਾਰਮਿਕ ਗਰੰਥ ਵਿੱਚ ਹਿੰਦੂ ਲਫਜ ਨਹੀਂ ਆਉਂਦਾ ਬਰਾਹਮਣ ਜਾਂ ਬਰਹਮਣ ਲਫਜ ਹੀ ਆਉਂਦਾ ਹੈ ! ਹਿੰਦੂ ਫਾਰਸੀ ਭਾਸ਼ਾ ਦਾ ਅੱਖਰ ਹੈ , ਫਾਰਸੀ ਵਿੱਚ ਚੋਰ ਨੂੰ ਹਿੰਦੂ ਕਹਿੰਦੇ ਹਨ ! ਏਹ ਵੀ ਟੂਕ ਮਾਤਰਾ ਇਸ ਕਰਕੇ ਲਿਖਣਾ ਪਿਆ ਕਿਉਂਕਿ ਇਹਨਾਂ ਨੇ ਬੜੀ ਸੋਚੀ ਸਮਝੀ ਚਾਲ ਨਾਲ ਸਿੱਖ ਧਰਮ ਵਿੱਚ ਪੈਦਾ ਹੋਏ ਕੇ ਪੀ ਐਸ ਗਿੱਲ ਨੂੰ ਤਾਂ ਬੁੱਚੜ ਨਾਮ ਨਾਲ ਮਸ਼ਹੂਰ ਕਰਵਾ ਦਿੱਤਾ ਹੈ , ਪਰ ਹਿੰਦੂ ਧਰਮ ਵਿੱਚੋਂ ਹੋਏ ਬੁੱਚੜਾਂ ਨੂੰ ਲੁਕੋ ਲਿਆ ਹੈ ! ਮੁਗਲ ਰਾਜ ਸਮੇਂ ਵੀ ਹਿੰਦੂ ਲੋਕ ਉੱਚ ਪਦਵੀਆਂ ਉੱਪਰ ਬਿਰਾਜਮਾਨ ਸਨ , ਮੁਗਲ ਰਾਜੇ ਅਕਬਰ ਦਾ ਵਜੀਰ ਬੀਰਬਲ ਹਿੰਦੂ ਸੀ , ਜਹਾਂਗੀਰ ਮੁਗਲ ਰਾਜੇ ਦਾ ਵਜੀਰ ਚੰਦੂ ਸੀ ਜਿਸ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ , ਪਰਧਾਨ ਮੰਤਰੀ ਜਿੱਡੀ ਉੱਸ ਦੀ ਪੋਸਟ ਸੀ , ਵਜੀਦ ਖਾਨ ਸੂਬਾ ਸਰਹੰਦ ਦਾ ਵਜੀਰ ਸੁੱਚਾਨੰਦ ਸੀ ਜਿਸ ਨੇ ਬਲਦੀ ਉੱਪਰ ਤੇਲ ਪਾ ਕੇ ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਵਾਇਆ ! ਇੱਕ ਪਾਸੇ ਔਰੰਗਜੇਬ ਨੇ ਇਹ ਐਲਾਨ ਕਰ ਦਿੱਤਾ ਸੀ ਭਾਰਤ ਦੇ ਸਾਰੇ ਹਿੰਦੂ ਜਾਂ ਤਾਂ ਮੁਸਲਮਾਨ ਬਣ ਜਾਉ ਜਾਂ ਮਰਨ ਲਈ ਤਿਆਰ ਹੋ ਜਾਓ , ਫਿਰ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਬਲੀਦਾਨ ਦੇ ਕੇ ਹਿੰਦੂਆਂ ਦਾ ਧਰਮ ਬਚਾਇਆ ਅਤੇ ਇੱਕ ਪਾਸੇ ਬੀਰਬਲ ਚੰਦੂ ਸੁੱਚਾ ਨੰਦ ਵਰਗੇ ਹੋਰ ਕਈ ਮੁਗਲ ਸਰਕਾਰ ਦੀਆਂ ਉੱਚ ਪਦਵੀਆਂ ਉੱਪਰ ਬਿਰਾਜਮਾਨ ਹੋ ਕੇ ਸੁੱਖ ਸਹੂਲਤਾਂ ਮਾਣ ਰਹੇ ਸਨ , ਜਿਵੇਂ ਕਿ ਪਿੱਛਲੇ ਸਮੇਂ ਵਿੱਚ ਅਤੇ ਅੱਜ ਵੀ ਸਾਡੇ ਕਈ ਸਿੱਖ ਭਾਰਤ ਦੀ ਜਾਲਮ ਸਰਕਾਰ ਦੀਆਂ ਸੁੱਖ ਸਹੂਲਤਾਂ ਮਾਣ ਰਹੇ ਹਨ ! ਸੋ ਇਹ ਹਿੰਦੂ ਲੋਕ ਹਮੇਸ਼ਾਂ ਹੀ ਆਪਣਿਆਂ ਦਾ ਬਚਾ ਰੱਖਦੇ ਹਨ ਅਤੇ ਦੂਜਿਆਂ ਨੂੰ ਬਦਨਾਮ ਕਰਵਾਉਂਦੇ ਹਨ ਅਤੇ ਮਰਵਾ ਵੀ ਦਿੰਦੇ ਹਨ ! ਕੇ ਪੀ ਐਸ ਗਿੱਲ ਤੋਂ ਪਹਿਲਾਂ ਤਾਂ ਕਈ ਬੁੱਚੜ ਹੋ ਕੇ ਚਲੇ ਗਏ ਸਨ ! ਜਿਵੇਂ ਪੰਜਾਬ ਦਾ ਰਾਜਪਾਲ ਸਿਥਾਰਥ ਸ਼ੰਕਰ ਰੇਅ ਅਤੇ ਪੰਜਾਬ ਦਾ ਡਾਇਰੈਕਟਰ ਜਨਰਲ ਪੁਲਸ ਜਾਣੀ ਡੀ ਜੀ ਪੀ ਰਿਬੈਰੋ ਜੁਲੀਅਸ ਰੋਮੀਓ ਰਿਬੈਰੋ ਸ਼ਾਇਦ ਉੱਸਦਾ ਪੂਰਾ ਨਾਮ ਸੀ ! ਜਿਸ ਤਰਾਂ ਗਿੱਲ ਅਤੇ ਬੇਅੰਤੇ ਬੁੱਚੜਾਂ ਦੀ ਜੋੜੀ ਸੀ ਇਸੇ ਤਰਾਂ 1986 1987 1988 ਵਿੱਚ ਰੇਅ ਅਤੇ ਰਿਬੈਰੋ ਬੁੱਚੜਾਂ ਦੀ ਜੋੜੀ ਸੀ ਜਦੋਂ ਅਸੀਂ ਤਸ਼ੱਦਦ ਝੱਲੇ ਸੀ ਹੁਸ਼ਿਆਰਪੁਰ ਦੇ ਠਾਣਿਆਂ ਵਿੱਚ ਅਤੇ ਜਦੋਂ ਖਾੜਕੂ ਸੰਘਰਸ਼ ਵੀ ਪੂਰੇ ਪੀਕ ਉੱਪਰ ਸੀ ! ਗਿੱਲ ਦੇ ਵੀ ਮਾਸਟਰ ਮਾਈਂਡ ਪਿੱਛੇ ਰਹਿ ਕੇ ਪਲੈਨ ਘੜਨ ਅਤੇ ਪਲੈਨ ਨੂੰ ਨੇਪਰੇ ਚਾੜ੍ਹਨ ਤੱਕ ਲਿਜਾਣ ਵਾਲੇ ਸੁਰਿੰਦਰ ਨਾਥ ਵਰਗੇ ਹਿੰਦੂ ਬੁੱਚੜਾਂ , ਐਸ ਐਸ ਪੀ ਗੋਬੰਦ ਰਾਮ ਵਰਗੇ ਬੁੱਚੜਾਂ ਜਿਹੜੇ ਕਹਿੰਦੇ ਸੀ ਕਿ ਸਿੱਖ ਹੁਣ ਗੁਰੂ ਗੋਬਿੰਦ ਸਿੰਘ ਨੂੰ ਭੁੱਲ ਜਾਣਗੇ ਅਤੇ ਗੋਬਿੰਦ ਰਾਮ ਨੂੰ ਹੀ ਯਾਦ ਰੱਖਣਗੇ , ਜਿਸ ਗੋਬਿੰਦ ਰਾਮ ਨੇ ਭਾਈ ਧਰਮ ਸਿੰਘ ਕਾਸ਼ਤੀਵਾਲ ਬੱਬਰ ਨੂੰ ਫੜਨ ਲਈ ਗੁਰਦਾਪੁਰ ਦੇ ਇਲਾਕੇ ਖਾਸ ਕਰਕੇ ਉੱਹਨਾਂ ਦੇ ਜੱਦੀ ਪਿੰਡ ਸਾਰਚੂਰ ਦੇ ਲੋਕਾਂ ਉੱਪਰ ਭਾਈ ਸਾਹਿਬ ਜੀ ਪਰਿਵਾਰ ਉੱਪਰ ਇਲਾਕੇ ਦੇ ਲੋਕਾਂ ਉੱਪਰ ਅੰਨ੍ਹਾ ਤਸ਼ੱਦਦ ਢਾਹਿਆ ਅਤੇ ਲਿਖਦਿਆਂ ਨੂੰ ਵੀ ਸ਼ਰਮ ਆਉਂਦੀ ਹੈ ਕਿ ਸਿੱਖ ਬੀਬੀਆਂ ਦੇ ਮੂੰਹ ਉੱਪਰ ਕਹਿੰਦੇ ਹਨ ਕਿ ਉੱਸ ਮੇ ਪਿਸ਼ਾਬ ਤੱਕ ਵੀ ਕੀਤਾ , ਕੀ ਗੋਬਿੰਦ ਰਾਮ ਹਿੰਦੂ ਬੁੱਚੜ ਨਹੀਂ ਸੀ , ਕੀ ਸੁਰੇਸ਼ ਅਰੋੜਾ ਹਿੰਦੂ ਜੋ 1987 ਵਿੱਚ ਹੁਸ਼ਿਆਰਪੁਰ ਦਾ ਐਸ ਐਸ ਪੀ ਸੀ ਜਿਸ ਨੇ ਸਾਨੂੰ ਟਾਰਚਰ ਕੀਤਾ ਅਤੇ ਕਰਵਾਇਆ ਸੀ ਹਜਾਰਾਂ ਸਿੱਖ ਮੁੰਡੇ ਅਰੋੜੇ ਨੇ ਝੂਠੇ ਪੁਲੀਸ ਮੁਕਾਬਿਆਂ ਵਿੱਚ ਮਾਰੇ ਅਤੇ ਡੀ ਜੀ ਪੀ ਰੈਂਕ ਤੱਕ ਪਹੁੰਚ ਗਿਆ ਕੀ ਅਰੋੜਾ ਹਿੰਦੂ ਬੁੱਚੜ ਨਹੀਂ ਹੈ , ਕੀ ਸੁਮੇਧ ਸੈਣੀ ਬੁੱਚੜ ਨਹੀਂ ਹੈ , ਕੀ ਰਾਮ ਮੂਰਤੀ ਹਿੰਦੂ ਫਿਲੌਰ ਠਾਣੇ ਵਾਲਾ ਬੁੱਚੜ ਨਹੀਂ ਸੀ ! ਕੀ ਮੁਸਲਮਾਨ ਐਸ ਐਸ ਪੀ ਇਜਹਾਰ ਆਲਮ ਮਲੇਰਕੋਟਲੇ ਵਾਲਾ ਬੁੱਚੜ ਨਹੀਂ ਸੀ ਜਿਸ ਨੇ ਆਪਣੀ ਵੱਖਰੀ ਆਲਮ ਸੈਨਾ ਵੀ ਬਣਾਈ ਹੋਈ ਸੀ , ਜੋ ਕਿ ਇੱਕ ਗੁੰਡਾ ਫੋਰਸ ਸੀ , ਜਿਸ ਨੂੰ ਕਾਲੇ ਸ਼ੀਸ਼ਿਆਂ ਵਾਲੀਆਂ ਕਾਰਾਂ ਦਿੱਤੀਆਂ ਹੋਈਆਂ ਸਨ , ਉੱਹਨਾਂ ਨੂੰ ਕਿਸੇ ਨੂੰ ਵੀ ਕਿੱਡਨੈਪ ਕਰ ਲੈਣਾ , ਲੱਟ ਲੈਣਾ ਮਾਰ ਦੇਣਾ ਕਿਸੇ ਵੀ ਪੰਜਾਬ ਦੀ ਧੀ ਭੈਣ ਮਾਤਾ ਨੂੰ ਚੁੱਕ ਕੇ ਬਲਾਤਕਾਰ ਕਰ ਕੇ ਮਾਰ ਦੇਣਾ ਤੱਕ ਵੀ ਮੁਆਫ ਸੀ ! ਬੁੱਚੜ ਇਜਾਹਰ ਆਲਮ ਐਸ ਐਸ ਪੀ ਅੰਮ੍ਰਿਤਸਰ ਓਸ ਵੇਲੇ ਦੇ ਨੇ ਪੰਜਾਬ ਦੇ ਬੱਬਰ ਸ਼ੇਰ ਭਾਈ ਮਨਜੀਤ ਸਿੰਘ ਖਜਾਲਾ ਸਾਡੇ ਸੀਨੀਅਰ ਸਾਥੀ ਅਤੇ ਵੱਡੇ ਧਰਮ ਦੇ ਭਰਾ ਦੇ ਜਿਉਂਦੇ ਦੇ ਦੋਨੋਂ ਹੱਥ ਵੱਡ ਕੇ ਆਪਣੇ ਦਫਤਰ ਦੇ ਮੇਜ ਉੱਪਰ ਹਫਤੇ ਤੋਂ ਵੀ ਕਈ ਦਿਨ ਉੱਪਰ ਰੱਖ ਛੱਡੇ ਸਨ ! ਸੋ ਖਾਲਸਾ ਜੀ ਇਹ ਸਾਰਾ ਬੁੱਚੜਪੁਣਾ ਦਿੱਲੀ ਸਰਕਾਰ ਦੇ ਦਫਤਰਾਂ ਵਿੱਚ ਪਲੈਨ ਹੁੰਦਾ ਸੀ , ਹਿੰਦੂ ਹੀ ਮੰਤਰੀ ਸੰਤਰੀ ਏਜੰਸੀਆਂ ਵਾਲੇ ਫੈਸਲੇ ਲਾਗੂ ਕਰਕੇ ਪੰਜਾਬ ਪੁਲੀਸ ਨੂੰ ਭੇਜਦੇ ਸਨ ਅਤੇ ਅੱਗੋਂ ਪੰਜਾਬ ਪੁਲੀਸ ਇਨਾਮਾਂ ਦੀਆਂ ਰਾਸ਼ੀਆਂ ਬਟੋਰਨ ਲਈ ਤਰੱਕੀਆਂ ਲਈ ਸਟਾਰ ਲੁਆਉਣ ਲਈ ਅਮੀਰ ਹੋਣ ਲਈ ਆਪਣੇ ਸਿੱਖ ਬਜੁਰਗਾਂ ਭਰਾਵਾਂ ਬੱਚਿਆਂ ਬੀਬੀਆਂ ਬੱਚੀਆਂ ਉੱਪਰ ਲਾਗੂ ਕਰਦੀ ਸੀ , ਜਾਨੋਂ ਮਾਰਦੀ ਸੀ ਥਰਡ ਡਿਗਰੀ ਟਾਰਚਰ ਕਰਦੀ ਸੀ ! ਪੰਜਾਬ ਦੇ ਹਰ ਜਿਲ੍ਹੇ ਗਾ ਹਰ ਠਾਣਾ ਹੀ ਬੁੱਚੜਖਾਨਾ ਸੀ , ਕੁੱਝ ਕੁ ਸੁਹਿਰਦ ਅਤੇ ਜਾਗਦੀ ਜਮੀਰ ਵਾਲੇ ਪੁਲਸੀਆਂ ਨੂੰ ਛੱਡਕੇ ਬਾਕੀ ਸਾਰੇ ਜਲਾਦਾਂ ਤਾਂ ਕੀ ਜਿਉਂਦੇ ਜਾਗਦੇ ਦਮਦੂਤਾਂ ਦਾ ਹੀ ਰੂਪ ਧਾਰਨ ਕਰ ਗਏ ਸਨ ਬੁੱਚੜ ਹੀ ਬਣ ਗਏ ਸਨ ! ਇਸ ਕਰਕੇ ਇਕੱਲੇ ਕੇ ਪੀ ਐਸ ਗਿੱਲ ਨੂੰ ਹੀ ਬੁੱਚੜ ਕਹਿ ਕੇ ਨਹੀਂ ਸਰ ਜਾਣਾ ! ਹੁਣ ਸਾਡੀ ਕਲਮ ਹਾਲੇ ਓਸ ਵੇਲੇ ਦਾ ਬਹੁਤ ਕੁੱਝ ਬਿਆਨ ਕਰੇਗੀ ! ਕੁੱਕੀ ਗਿੱਲ ਨੇ ਸਾਡੇ ਜਖਮਾਂ ਨੂੰ ਰਿਸਣ ਲਗਾ ਦਿੱਤਾ ਹੈ ਅਤੇ ਬੰਦ ਪਈ ਜੁਬਾਨ ਨੂੰ ਖੁਲਵਾ ਦਿੱਤਾ ਹੈ ! ਇਹ ਜੰਗ ਹਿੰਦ ਪੰਜਾਬ ਦੀ ਸੀ ਹੈ ਅਤੇ ਖਾਲਿਸਤਾਨ ਬਣਨ ਤੱਕ ਪੜਾਅ ਦਰ ਪੜਾਅ ਚੱਲਦੀ ਹੀ ਰਹੇਗੀ , ਰੁੱਕੇਗੀ ਨਹੀਂ ! ਅੱਜ ਦੇ ਬਰਾਹਮਣਵਾਦੀ ਜੋ ਬੇਤੁਕੀਆਂ ਚਵਲਾਂ ਮਾਰ ਮਾਰ ਕੇ ਆਪਣੀ ਬੇਇੱਜਤੀ ਆਪ ਹੀ ਕਰਵਾ ਰਹੇ ਹਨ ਹਨ , ਜਿਸ ਤਰਾਂ ਸਾਰੀ ਮੁਨੱਖੀ ਸੋਚ ਨੂੰ ਹੀ ਅਪਰੇਸ਼ਨ ਸੰਧੂਰ ਉੱਤੇ ਕੇਂਦਰਿਤ ਕਰ ਕੇ ਭਾਰਤ ਦੇ ਬਾਕੀ ਸਾਰੇ ਮੁੱਦਿਆਂ ਨੂੰ ਲੁਕੋਇਆ ਜਾ ਰਿਹਾ ਹੈ , ਇਹ ਭਾਰਤ ਦੀ ਫੇਹਲ ਸਿਸਟਮ ਪਰਾਣਨਾਲੀ ਦੀਆਂ ਨਿਸ਼ਾਨੀਆਂ ਹੀ ਹਨ ! ਸੱਤਰ ਪ੍ਰਤੀਸ਼ਤ ਭਾਰਤੀ ਲੇਕ ਗਰੀਬੀ ਅਤੇ ਭੁੱਖਮਰੀ ਦਾ ਸ਼ਿਕਾਰ ਹਨ ਅਤੇ ਗਰੀਬੀ ਦੀ ਰੇਖਾ ਤੋਂ ਵੀ ਥੱਲੇ ਵਾਲੀ ਜਿੰਦਗੀ ਬਤੀਤ ਕਰ ਰਹੇ ! ਬਾਕੀ ਸਿੱਖਾਂ ਉੱਪਰ ਪੂਰੀ ਦੁਨੀਆਂ ਵਿੱਚ ਗੁਰੂ ਦੀ ਕਿਰਪਾ ਹੈ ਜੀ !



**- ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**








**ਸਰਦਾਰ ਜਗਤਾਰ ਸਿੰਘ ਮਿੱਠੜੀ ਹਲਕਾ ਪਿਪਲੀ ਸਿਰਸਾ ਤੋਂ ਚੋਂਣ ਜਿੱਤੇ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜੈਕਟਿਵ ਮੈਂਬਰ ਚੁਣੇ ਜਾਣ ਉਪਰੰਤ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਨ ਵਾਸਤੇ ਸਾਥੀਆਂ ਸਮੇਤ ਪੁੱਜੇ ਅਤੇ ਉਨਾਂ ਦਾ ਸਨਮਾਨ ਕਰਕੇ ਮੂੰਹ ਮਿੱਠਾ ਕਰਾਉਂਦੇ ਹੋਏ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)**

## ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ

# ਵਿਧਾਨ ਸਭਾ ਹਲਕਾ ਭੋਆ ਦੇ ਵੱਖ-ਵੱਖ ਪਿੰਡਾਂ ਅੰਦਰ ਕੱਢੀ ਨਸ਼ਾ ਮੁਕਤੀ ਯਾਤਰਾ

### ਕੈਬਨਿਟ ਮੰਤਰੀ ਪੰਜਾਬ ਪਹੁੰਚੇ ਪਿੰਡ ਤੰਗੋਸਾਹ, ਨੰਗਲ ਫਰੀਦਾ, ਭਟੋਆ, ਬੇਗੋਵਾਲ, ਪੱਖੋਚੱਕ ਅਤੇ ਤਾਰਾਗੜ੍ਹ ਵਿਖੇ ਪਹੁੰਚ ਨਸ਼ੇ ਤੋਂ ਦੂਰ ਰਹਿਣ ਲਈ ਲੋਕਾਂ ਨੂੰ ਕੀਤਾ ਜਾਗਰੂਕ

**ਪਠਾਨਕੋਟ, 25 ਮਈ (ਆਵਾਜ਼ਿ ਕੌਮ ਬਿਊਰੋ)**-ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਉਪਰਾਲਿਆਂ ਸਦਕਾ ਪਿਛਲੇ ਸਮੇਂ ਤੋਂ ਪੂਰੇ ਪੰਜਾਬ ਅੰਦਰ ਯੁੱਧ ਨਸ਼ਿਆਂ ਵਿਰੁੱਧ ਮੂਹਿੰਮ ਚਲਾਈ ਜਾ ਰਹੀ ਹੈ ਜਿਸ ਅਧੀਨ ਨੋਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਤੇ ਵੀ ਵਿਸੇਸ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਹੁਣ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੂਹਿੰਮ ਦੇ ਦੂਸਰੇ ਪੜਾਓ ਅੰਦਰ ਵੱਖ ਵੱਖ ਪਿੰਡਾਂ ਅੰਦਰ ਨਸ਼ਾ ਮੁਕਤੀ ਯਾਤਰਾ ਕੱਢੀ ਜਾ ਰਹੀ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਤੰਗੋਸਾਹ, ਨੰਗਲ ਫਰੀਦਾ, ਭਟੋਆ, ਬੇਗੋਵਾਲ, ਪੱਖੋਚੱਕ ਅਤੇ ਤਾਰਾਗੜ੍ਹ ਦੇ ਅੰਦਰ ਨਸ਼ਾ ਮੁਕਤੀ ਯਾਤਰਾ ਕੱਢਣ ਮਗਰੋਂ ਕੀਤਾ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਸੈਲ ਪਠਾਨਕੋਟ, ਵਿਜੈ ਕਟਾਰੂਚੱਕ, ਬਬਲੀ ਕੁਮਾਰ ਪ੍ਰਧਾਨ ਨਗਰ ਪੰਚਾਇਤ ਨਰੋਟ ਜੈਮਲ ਸਿੰਘ, ਸਾਹਿਲ ਸੈਣੀ, ਠਾਕੁਰ ਭੁਪਿੰਦਰ ਸਿੰਘ ਮੂੰਨਾ, ਤਰੁਣ ਕੁਮਾਰ ਸਰਕਲ ਇੰਚਾਰਜ, ਕੁਲਦੀਪ ਰਕਬਾਲ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਦੀ ਸਭਾ ਕੋਈ ਰਾਜਨੀਤਿਕ ਸਭਾ ਨਹੀਂ ਹੈ ਅੱਜ ਕੇਵਲ ਸਮਾਜ ਅੰਦਰੋਂ ਇੱਕ ਅਜਿਹੀ ਬੀਮਾਰੀ ਖਤਮ ਕਰਨ ਲਈ ਇੱਕ ਮੂਹਿੰਮ ਸੂਰੂ ਕੀਤੀ ਗਈ ਹੈ ਕਿ ਨਸ਼ਾ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਾਲ ਅਪਣੀ ਗਿਰਫਤ ਵਿੱਚ ਲੈ ਚੁੱਕਾ ਸੀ ਉਸ ਤੋਂ ਪੰਜਾਬ ਨੂੰ ਮੁਕਤ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇੱਕ ਉਪਰਾਲਾ ਕਿ ਪੰਜਾਬ ਅੰਦਰੋਂ ਨਸ਼ਾ ਖਤਮ ਕਰਕੇ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕੇ। ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੂਹਿੰਮ ਅਧੀਨ ਹੀ ਨਸ਼ਾ ਮੁਕਤੀ ਯਾਤਰਾ ਕੱਢੀ ਜਾ ਰਹੀ ਹੈ ਅਤੇ ਵੱਖ ਵੱਖ ਪਿੰਡਾਂ ਅੰਦਰ ਲੋਕਾਂ ਤੱਕ ਪਹੁੰਚ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਅਗਰ ਉਨ੍ਹਾਂ ਦੇ ਧਿਆਨ ਅੰਦਰ ਕੋਈ ਅਜਿਹਾ ਕੋਈ ਵਿਅਕਤੀ ਜੋ ਨਸ਼ੇ ਦਾ ਕਾਰੋਬਾਰ ਕਰਦਾ ਹੈ ਉਸ ਦੀ ਸੂਚਨਾਂ ਪੁਲਿਸ ਨੂੰ ਦਿੱਤੀ ਜਾਵੈ ਤਾਂ ਜੋ ਨਸ਼ੇ ਦੇ ਸੋਦਾਗਰਾਂ ਤੇ ਕਾਰਵਾਈ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਅੱਜ ਤੋਂ ਪਹਿਲਾ ਸਰਕਾਰਾਂ ਵੱਲੋਂ ਕੋਈ ਵੀ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ, ਪੰਜਾਬ ਦੇ ਨੋਜਵਾਨਾਂ ਨੂੰ ਨਸ਼ੇ ਦੇ ਨਾਲ ਜੋੜਿਆ ਗਿਆ ਅਤੇ ਹੁਣ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਉਪਰਾਲਾ ਕੀਤਾ ਗਿਆ ਹੈ ਪਹਿਲੀਆਂ ਸਰਕਾਰਾਂ ਨੇ ਨਸ਼ੇ ਨੂੰ ਵਧਾਇਆ ਸੀ ਅਤੇ ਪੰਜਾਬ ਦੀ ਜਵਾਨੀ ਇਸ ਨਸ਼ੇ ਦੀ ਬਲੀ ਚੜ ਗਈ, ਹੁਣ ਇੱਕ ਮੂਹਿੰਮ ਦੇ ਨਾਲ ਨਸ਼ੇ ਦੇ ਖਿਲਾਫ ਅਭਿਆਨ ਚਲਾਇਆ ਹੈ। ਪਿਛਲੇ ਕਰੀਬ ਦੋ ਮਹੀਨਿਆ ਦੋਰਾਨ ਹੁਣ ਤੱਕ ਕਰੀਬ 6500 ਤੋਂ ਜਿਆਦਾ ਨਸ਼ੇ ਦੇ ਸੋਦਾਗਰਾਂ ਤੇ ਮਾਮਲੇ ਦਰਜ ਕੀਤੇ ਗਏ ਹਨ ਅਤੇ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਭਵਿੱਖ ਵਿੱਚ ਵੀ ਇਹ ਕਾਰਵਾਈ ਜਾਰੀ ਰਹੇਗੀ ਤਾਂ ਜੋ ਰੰਗਲੇ ਪੰਜਾਬ ਦੀ ਸਿਰਜਨਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਚਲਾਈ ਗਈ ਮੂਹਿੰਮ ਦੋਰਾਨ ਪਾਪ ਦੀ ਕਮਾਈ ਤੋਂ ਨਸ਼ੇ ਦੇ ਸੋਦਾਗਰਾਂ ਨੇ ਜੋ ਘਰ ਬਣਾਏ ਸੀ ਉਹ ਵੀ ਸਰਕਾਰ ਵੱਲੋਂ ਤੋੜੇ ਗਏ ਹਨ। ਉਨ੍ਹਾਂ ਕਿਹਾ ਕਿ ਜਨਤਾ ਦੇ ਸਹਿਯੋਗ ਤੋਂ ਬਿਨਾਂ ਕੋਈ ਵੀ ਮੂਹਿੰਮ ਸਫਲ ਨਹੀਂ ਹੋ ਸਕਦੀ ਇਸ ਲਈ ਅਗਰ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਂਣਾ ਹੈ ਤਾਂ ਸਾਨੂੰ ਸਰਕਾਰ ਦਾ ਸਹਿਯੋਗ ਕਰਨਾ ਪੈਣਾ ਹੈ ਤੱਦ ਹੀ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243